


ਸੰਵਾਦ-16 (ਜੁਲਾਈ-ਦਸੰਬਰ 2022)   ISSN : 2395-1273   **www.sanvad.org**

# ਭਾਰਤ ਦੀ 1857 ਦੀ ਬਗ਼ਾਵਤ ਅਤੇ ਸਿੱਖ

## ਭੂਮਿਕਾ

ਇਸ ਪਰਚੇ ਦਾ ਪਹਿਲਾ ਹਿੱਸਾ '1857 ਦੀ ਭਾਰਤੀ ਬਗ਼ਾਵਤ ਅਤੇ ਸਿੱਖ ਵਿਸ਼ੇ' ਬਾਰੇ ਭਾਰਤੀ ਸੁਤੰਤਰਤਾ ਸੰਗਰਾਮ ਦੀ ਸ਼ਤਾਬਦੀ (1857-1958) ਸੋਵੀਨਾਰ ਕਮੇਟੀ, ਨਵੀਂ ਦਿੱਲੀ ਵਾਸਤੇ ਲਿਖਿਆ ਗਿਆ ਸੀ। ਇਹ ਪਰਚਾ 15 ਅਗਸਤ 1957 ਨੂੰ ਅੰਗਰੇਜ਼ੀ ਟ੍ਰਿਬਿਊਨ ਦੇ ਅੰਬਾਲਾ ਸੰਸਕਰਨ ਵਿਚ ਛਪਿਆ ਸੀ। ਕਮੇਟੀ ਦੇ ਸਕੱਤਰ ਨੇ ਆਪਣੇ 13 ਜੂਨ 1957 ਦੇ ਪੱਤਰ ਨੰਬਰ ਏ. ਐਲ/ 722 ਰਾਹੀਂ ਮੈਨੂੰ ਕਿਹਾ ਸੀ ਕਿ ਜੇ ਸੰਭਵ ਹੋਵੇ ਤਾਂ ਮੈਂ ਇਸ ਇਲਜ਼ਾਮ ਦਾ ਜਵਾਬ ਦੇਵਾਂ ਕਿ "ਭਾਰਤੀਆਂ ਦਾ ਆਜ਼ਾਦੀ ਲਈ ਸੰਘਰਸ਼ (1857) ਇਸ ਲਈ ਅਸਫ਼ਲ ਰਿਹਾ ਕਿਉਂਕਿ ਸਿੱਖਾਂ ਨੇ ਧੋਖਾ ਦਿੱਤਾ ਅਤੇ ਅੰਗਰੇਜ਼ਾਂ ਦਾ ਸਾਥ ਦਿੱਤਾ"।

ਪਿਛਲੇ ਕੁਝ ਸਮੇਂ ਵਿਚ ਕੁਝ ਸਵੈ-ਘੋਸ਼ਿਤ ਸਿਆਸੀ ਪ੍ਰਾਪੇਗੰਡਾ ਕਰਨ ਵਾਲਿਆਂ ਦੀਆਂ ਲਿਖਤਾਂ ਰਾਹੀਂ ਭਾਰਤੀ ਲੋਕਾਂ ਦੇ ਦਿਮਾਗ਼ ਵਿਚ ਇਸ ਨੂੰ ਭਾਰਤੀ ਸੁਤੰਤਰਤਾ ਦੀ ਪਹਿਲੀ ਜੰਗ ਵਜੋਂ ਭਰਿਆ ਗਿਆ ਪਰੰਤੂ ਇਸ ਪਰਚੇ ਵਿਚ ਦਰਜ ਸੱਚੇ ਕਥਨਾਂ ਨੇ ਉਨ੍ਹਾਂ ਨੂੰ ਝਟਕਾ ਦਿੱਤਾ। ਨਿਰਪੱਖ ਇਤਿਹਾਸ ਨਾ ਤਾਂ ਉਨ੍ਹਾਂ ਤੋਂ ਨਿਗਲਿਆ ਜਾ ਰਿਹਾ ਸੀ ਅਤੇ ਨਾ ਹੀ ਉਨ੍ਹਾਂ ਨੂੰ ਸਹਿਜੇ ਹਜ਼ਮ ਹੋਣ ਵਾਲਾ ਸੀ। ਨਤੀਜੇ ਵਜੋਂ ਅਗਸਤ ਅਤੇ ਸਤੰਬਰ 1957 ਵਿਚ ਅੰਗਰੇਜ਼ੀ ਟ੍ਰਿਬਿਊਨ ਵਿਚ ਕੁਝ ਚਿੱਠੀਆਂ ਛਪੀਆਂ। ਇਹ ਚਿੱਠੀਆਂ ਲਿਖਣ ਵਾਲਿਆਂ ਵਿਚੋਂ ਕੁਝ ਲੋਕਾਂ ਨੇ ਅਜਿਹੇ ਨੁਕਤੇ ਉਭਾਰੇ ਤੇ ਮੈਨੂੰ ਲਗਦਾ ਹੈ ਕਿ ਉਨ੍ਹਾਂ ਲੋਕਾਂ ਵਾਸਤੇ ਉਹ ਨੁਕਤੇ ਸਪੱਸ਼ਟ ਕਰਨ ਦੀ ਲੋੜ ਹੈ। ਉਨ੍ਹਾਂ ਨੇ ਇਹ ਵਿਸ਼ਾ ਮੁੱਢਲੇ ਸਰੋਤਾਂ ਤੋਂ ਨਹੀਂ ਵਾਚਿਆ ਹੈ ਅਤੇ ਉਨ੍ਹਾਂ ਦੀ ਜਾਣਕਾਰੀ ਗ਼ੈਰ-ਇਤਿਹਾਸਕ ਲਿਖਤਾਂ 'ਤੇ ਨਿਰਭਰ ਹੈ। ਉਨ੍ਹਾਂ ਵਾਸਤੇ ਇਸ ਪਰਚੇ ਦਾ ਦੂਜਾ ਹਿੱਸਾ ਲਿਖਿਆ ਗਿਆ ਜਿਹੜਾ ਉਸੇ ਖੋਜ-ਰਸਾਲੇ ਵਿਚ 6 ਅਕਤੂਬਰ 1957 ਨੂੰ ਛਪਿਆ।

ਇਹ ਬਹੁਤ ਹੀ ਤਰਸ ਵਾਲੀ ਗੱਲ ਹੈ ਕਿ ਸਾਡੇ ਦੇਸ਼ ਵਾਸੀ, ਇੱਥੋਂ ਤਕ ਕਿ ਪੜ੍ਹੇ ਲਿਖੇ ਲੋਕ ਵੀ, ਦੇਸ਼-ਭਗਤੀ ਦੀ ਦਿਸ਼ਾਹੀਣ ਭਾਵਨਾ ਅਧੀਨ ਆਪਣੇ ਆਪ ਨੂੰ ਵਡਿਆਉਣ ਵਾਲੀਆਂ ਭਾਵਨਾਵਾਂ ਵਿਚ ਵਹਿ ਜਾਂਦੇ ਹਨ। ਇਸ ਬਾਰੇ ਜਨਵਰੀ 1968 ਵਿਚ ਭੋਪਾਲ ਵਿਖੇ ਹੋਈ ਸੂਬਾ ਪੱਧਰੀ ਇਤਿਹਾਸਕ ਕਾਂਗਰਸ ਦੌਰਾਨ ਸਤਿਕਾਰਯੋਗ ਅਚਾਰੀਆ ਕ੍ਰਿਪਲਾਨੀ ਨੇ ਖ਼ਾਸ ਕਰ "ਭਾਰਤ ਦੀ ਸੁਤੰਤਰਤਾ ਦੀ ਪਹਿਲੀ ਜੰਗ ਵਜੋਂ ਪੇਸ਼ ਕੀਤੀ ਗਈ 1857 ਦੀ ਫ਼ੌਜੀ ਬਗ਼ਾਵਤ" ਦਾ ਹਵਾਲਾ ਦੇ ਕੇ ਭਾਵਨਾਵਾਂ ਵਿਚ ਵਹਿ ਜਾਣ ਵਾਲੇ ਭਾਰਤੀਆਂ ਨੂੰ ਖ਼ਬਰਦਾਰ ਕੀਤਾ ਸੀ। "ਉਨ੍ਹਾਂ ਅਨੁਸਾਰ ਇਹ ਪੁਰਾਣੇ ਰਾਜਿਆਂ ਵੱਲੋਂ ਆਪਣੇ ਰਾਜ ਅਤੇ ਰਿਆਸਤਾਂ ਵਾਪਸ ਹਾਸਲ ਕਰਨ ਦੀ ਇਕ ਕੋਸ਼ਿਸ਼ ਸੀ"। ਇਹ ਅਫ਼ਸੋਸਨਾਕ ਤੱਥ ਹੈ "ਕਿ {ਬਗ਼ਾਵਤ ਦੇ ਨਾਟਕ ਵਿਚ} ਕੁਝ ਮੁੱਖ ਪਾਤਰਾਂ ਦੀ ਮਨਸ਼ਾ ਸ਼ੱਕ ਤੋਂ ਰਹਿਤ ਨਹੀਂ ਸੀ"। ਅੰਗਰੇਜ਼ੀ ਟ੍ਰਿਬਿਊਨ ਦੇ ਸੰਪਾਦਕ ਦੇ 16 ਜਨਵਰੀ 1969 ਦੀ ਸੰਪਾਦਕੀ ਵਿਚ ਦਰਜ ਕਥਨ ਅਨੁਸਾਰ "ਪਰ ਭਾਰਤ ਦੀ ਇਤਿਹਾਸਕ ਖੋਜ



**ਡਾ. ਗੰਡਾ ਸਿੰਘ**
ਮਰਹੂਮ ਇਤਿਹਾਸਕਾਰ ਤੇ ਸਾਬਕਾ ਮੁਖੀ ਸਿੱਖ ਇਤਿਹਾਸ ਖੋਜ ਕੇਂਦਰ ਖ਼ਾਲਸਾ ਕਾਲਜ ਅੰਮ੍ਰਿਤਸਰ

**ਪੰਜਾਬੀ ਅਨੁਵਾਦ**
**ਦੀਪ ਜਗਦੀਪ ਸਿੰਘ**
8999808231
educatordeep@gmail.com

ਅਤੇ ਲਿਖਤਾਂ ਨਿਰਪੱਖ ਵਿਦਵਤਾ ਦੀ ਕੀਮਤ ਤਾਰ ਕੇ ਵੀ ਆਪਣੀ ਫ਼ਰਜ਼ੀ ਦੇਸ਼-ਭਗਤੀ ਨੂੰ ਫ਼ਰਜ਼ ਸਮਝਣ ਵਾਲੀ ਭਾਵਨਾ ਤੋਂ ਕਦੇ ਵੀ ਉੱਪਰ ਨਹੀਂ ਉੱਠ ਸਕੀਆਂ ਹਨ"। ਭਾਰਤ ਦੇ ਵੀਹਵੀਂ ਸਦੀ ਦੇ ਸੁਤੰਤਰਤਾ ਸੰਗਰਾਮੀਆਂ ਵਿਚੋਂ ਮੋਹਰੀ ਮਰਹੂਮ ਮੌਲਾਨਾ ਅਬੁਲ ਕਲਾਮ ਆਜ਼ਾਦ ਭਾਰਤ ਸਰਕਾਰ ਦੇ ਪਬਲੀਕੇਸ਼ਨ ਡਿਵੀਜ਼ਨ ਵੱਲੋਂ ਛਾਪੀ ਗਈ ਡਾ. ਸੁਰੇਂਦਰ ਨਾਥ ਸੇਨ ਦੀ ਅੰਗਰੇਜ਼ੀ ਪੁਸਤਕ 'ਏਟੀਨ ਫਿਫਟੀ-ਸੈਵਨ' (1857) ਵਿਚ ਲਿਖੇ ਆਪਣੇ ਮੁੱਖ-ਬੰਦ ਵਿਚ ਲਿਖਦੇ ਹਨ:

> "ਸਦੀ ਦੇ ਸ਼ੁਰੂਆਤੀ ਸਾਲਾਂ ਦੇ ਸੰਘਰਸ਼ ਬਾਰੇ ਕੁਝ ਭਾਰਤੀਆਂ ਨੇ ਲਿਖਿਆ ਹੈ। ਜੇ ਸੱਚ ਕਿਹਾ ਜਾਣਾ ਚਾਹੀਦਾ ਹੈ ਤਾਂ ਸਾਨੂੰ ਇਹ ਮੰਨਣਾ ਪਵੇਗਾ ਕਿ ਉਨ੍ਹਾਂ ਵੱਲੋਂ ਲਿਖੀਆਂ ਗਈਆਂ ਪੁਸਤਕਾਂ ਇਤਿਹਾਸ ਨਹੀਂ, ਕੇਵਲ ਸਿਆਸੀ ਪ੍ਰੋਪੇਗੰਡਾ ਹਨ। ਇਹ ਲੇਖਕ ਬਗ਼ਾਵਤ ਨੂੰ ਭਾਰਤ ਦੇ ਪਤਵੰਤਿਆਂ ਵੱਲੋਂ ਅੰਗਰੇਜ਼ੀ ਹਕੂਮਤ ਖ਼ਿਲਾਫ਼ ਵਿੱਢੀ ਗਈ ਆਜ਼ਾਦੀ ਦੀ ਇਕ ਯੋਜਨਾਬੱਧ ਜੰਗ ਵਜੋਂ ਪੇਸ਼ ਕਰਨਾ ਚਾਹੁੰਦੇ ਸਨ"। {ਪੰਨਾ 8}

ਪਰ ਜਿਸ ਦੀ ਆਜ਼ਾਦੀ ਲਈ ਉਹ ਇਕਮੁੱਠ ਹੋ ਕੇ ਆਖ਼ਰੀ ਸਾਹ ਤੱਕ ਲੜ ਸਕਦੇ ਹੋਣ, ਇਕ ਸਮੁੱਚੇ ਮਜ਼ਬੂਤ ਰਾਸ਼ਟਰ ਵਜੋਂ ਸੰਯੁਕਤ ਦੇਸ਼ ਦੇ ਰੂਪ ਵਾਲੇ ਭਾਰਤ ਦਾ ਸੰਕਲਪ ਸੰਨ 1857 ਵਿਚ ਹਾਲੇ ਭਰੂਣ ਦੀ ਅਵਸਥਾ ਵਿਚ ਸੀ, ਜਿਸ ਤੋਂ ਭਾਰਤੀ ਚੇਤਨਾ ਅਣਜਾਣ ਸੀ। ਅਸਲ ਵਿਚ, ਇਹ ਸੰਕਲਪ ਭਾਰਤੀ ਨੈਸ਼ਨਲ ਕਾਂਗਰਸ ਦੇ ਪ੍ਰਯੋਜਕਾਂ ਅਤੇ ਆਗੂਆਂ ਵੱਲੋਂ ਤਿੰਨ ਦਹਾਕੇ ਬਾਅਦ ਉਦੋਂ ਉਭਾਰਿਆ ਗਿਆ, ਜਦੋਂ ਉਨ੍ਹਾਂ ਵੱਲੋਂ ਲੋਕਾਂ ਨੂੰ ਆਪਣੇ ਝੰਡੇ ਥੱਲੇ ਲਿਆਉਣ ਦੀ ਲੋੜ ਪੂਰੀ ਕਰਨ ਵਾਸਤੇ ਉਨ੍ਹਾਂ ਅੰਦਰ ਭਾਵਨਾਤਕ ਸਾਂਝ ਪੈਦਾ ਕਰਨ ਦੀ ਸ਼ੁਰੂਆਤ ਕੀਤੀ ਗਈ ਸੀ।

ਲੇਖਕ ਡਾ. ਰੋਮੇਸ਼ ਸੀ. ਮਜੂਮਦਾਰ ਦੇਸ਼ ਦੇ ਇਤਿਹਾਸ ਬਾਰੇ ਕੀਤੀ ਗਈ ਆਪਣੀ ਜੀਵਨ ਭਰ ਦੀ ਖੋਜ ਦੇ ਆਧਾਰ 'ਤੇ 'ਹਿਸਟ੍ਰੀ ਆਫ਼ ਦੀ ਫਰੀਡਮ ਮੂਵਮੈਂਟ ਇਨ ਇੰਡੀਆ' ਸਿਰਲੇਖ ਅਧੀਨ ਲਿਖੀ ਗਈ ਅੰਗਰੇਜ਼ੀ ਪੁਸਤਕ ਦੀ ਪਹਿਲੀ ਜਿਲਦ ਵਿਚ ਸਾਨੂੰ ਦੱਸਦੇ ਹਨ ਕਿ:

> "ਮੈਨੂੰ ਲੱਗਿਆ ਕਿ 1857 ਦੀ ਬਗ਼ਾਵਤ ਨੂੰ ਆਜ਼ਾਦੀ ਦੀ ਪਹਿਲੀ ਕੌਮੀ ਜੰਗ ਮੰਨੇ ਜਾਣ ਵਾਲੇ ਮੌਜੂਦਾ ਵਿਚਾਰ ਦਾ ਖੰਡਨ ਕਰਨਾ ਲਾਜ਼ਮੀ ਹੈ। ਮੈਂ ਤੱਥਾਂ ਦੇ ਨਾਲ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਨਾ ਇਹ 'ਪਹਿਲੀ' ਸੀ, ਨਾ ਹੀ 'ਕੌਮੀ' ਅਤੇ ਨਾ ਹੀ ਇਹ 'ਆਜ਼ਾਦੀ ਦੀ ਜੰਗ' ਸੀ।" {ਮੁੱਖ-ਬੰਦ, 17, 258। ਸੀ.ਐਫ.। ਦ ਟ੍ਰਿਬਿਊਨ, 31 ਜਨਵਰੀ, 1968}

ਅਗਲੇ ਪੰਨਿਆਂ 'ਤੇ ਵਿਸਤਾਰ ਸਹਿਤ ਦੱਸਿਆ ਗਿਆ ਹੈ ਕਿ ਬਗ਼ਾਵਤ ਸਿੱਖਾਂ ਜਾਂ ਪੰਜਾਬ ਦੇ ਲੋਕਾਂ ਜਾਂ ਕਿਸੇ ਹੋਰ ਸੂਬੇ ਵੱਲੋਂ ਆਪਣੇ ਆਪ ਨੂੰ ਇਸ ਤੋਂ ਦੂਰ ਰੱਖਣ ਜਾਂ ਅੰਗਰੇਜ਼ਾਂ ਦਾ ਸਾਥ ਦੇਣ ਕਰਕੇ ਅਸਫ਼ਲ ਨਹੀਂ ਹੋਈ, ਬਲਕਿ ਇਸ ਲਈ ਹੋਈ ਕਿ ਨਾ ਤਾਂ ਇਸ ਦੇ ਸਮਰਥਨ ਵਿਚ ਇਸ ਦੇ ਸਮਰਥਕਾਂ ਜਾਂ ਫ਼ੌਜੀਆਂ ਵਿਚੋਂ ਕਿਸੇ ਅੰਦਰ ਵੀ ਕੋਈ ਦੇਸ਼-ਭਗਤੀ ਜਾਂ ਕੌਮੀਅਤ ਵਾਲੀ ਭਾਵਨਾ ਸੀ, ਨਾ ਹੀ ਇਸ ਦਾ ਕੋਈ ਨਿਰ-ਸੁਆਰਥ ਆਗੂ ਸੀ, ਨਾ ਹੀ ਕੋਈ ਯੋਜਨਾ ਸੀ ਅਤੇ ਨਾ ਹੀ ਇਸ ਦਾ ਮਾਰਗ-ਦਰਸ਼ਨ ਕਰਨ ਵਾਲਾ ਕੋਈ ਕੇਂਦਰੀ ਸੰਗਠਨ ਸੀ, ਨਾ ਤਾਂ ਫ਼ੌਜੀ ਕਾਰਵਾਈ ਨੂੰ ਦਿਸ਼ਾ ਦੇਣ ਵਾਲੇ ਦਿਸ਼ਾ-ਨਿਰਦੇਸ਼ਾਂ ਵਿਚ ਕੋਈ ਇਕਸੁਰਤਾ ਸੀ, ਨਾ ਹੀ ਯੋਗ ਅਗਵਾਈ ਸੀ, ਜਿਹੜੀ ਬਰਤਾਨਵੀ ਭਾਰਤੀ ਫ਼ੌਜ ਦੇ ਇਸ ਇਕੱਠ ਦੀ ਨਿਗਰਾਨੀ ਕਰਨ ਤੇ ਸਫ਼ਲਤਾ ਪੂਰਵਕ ਅੱਗੇ ਵਧਣ ਨੂੰ ਯਕੀਨੀ ਬਣਾਉਂਦੀ।

ਇਹ ਖੋਜ-ਪੱਤਰ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਸੱਚੀ ਇਮਾਨਦਾਰੀ ਵਾਲੇ ਭਾਰਤ ਦੇ ਮੋਹਰੀ ਇਤਿਹਾਸਕਾਰਾਂ ਦੀਆਂ ਖੋਜਾਂ 'ਤੇ ਆਧਾਰਿਤ ਅਨੇਕ ਇਤਿਹਾਸਕ ਤੱਥ ਆਪਣੇ ਪਾਠਕਾਂ ਸਾਹਮਣੇ ਰੱਖਦਾ ਹੈ। ਉਨ੍ਹਾਂ ਮੋਹਰੀ ਇਤਿਹਾਸਕਾਰਾਂ ਦਾ ਨਿਰਪੱਖ ਫ਼ੈਸਲਾ ਇਹ ਹੈ ਕਿ ਸੰਨ 1857 ਦੀ ਬਗ਼ਾਵਤ ਨੂੰ ਆਜ਼ਾਦੀ ਦੀ ਕੌਮੀ ਜੰਗ ਵਜੋਂ ਪਰਿਭਾਸ਼ਤ ਕਰਨਾ ਸੱਚ ਦਾ ਮਖੌਲ ਉਡਾਉਣਾ ਹੋਵੇਗਾ।

## ਭਾਗ ਪਹਿਲਾ - 1857 ਦੀ ਭਾਰਤੀ ਬਗ਼ਾਵਤ ਅਤੇ ਸਿੱਖ

### ਬੇਲੋੜੀ ਪ੍ਰਸੰਸਾ

10 ਮਈ 1857 ਨੂੰ ਮੇਰਠ ਵਿਖੇ ਹੋਈ ਬਗ਼ਾਵਤ, ਜੋ ਬਾਅਦ ਵਿਚ ਕਾਫ਼ੀ ਫੈਲ ਗਈ ਅਤੇ ਇਹ ਬਗ਼ਾਵਤ ਉੱਤਰ-ਪ੍ਰਦੇਸ਼ ਅਤੇ ਗੁਆਂਢੀ ਇਲਾਕਿਆਂ ਵਿਚ ਵਿਦਰੋਹ ਦਾ ਰੂਪ ਧਾਰ ਗਈ, ਜਿਸ ਨੂੰ ਕੁਝ ਲੇਖਕਾਂ

ਵੱਲੋਂ 'ਸੁਤੰਤਰਤਾ ਦੀ ਭਾਰਤੀ ਜੰਗ' ਕਿਹਾ ਗਿਆ ਹੈ। ਪਰੰਤੂ, ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਮੰਨੇ-ਪ੍ਰਮੰਨੇ ਭਾਰਤੀ ਇਤਿਹਾਸਕਾਰਾਂ ਦੀਆਂ ਹਾਲੀਆਂ ਖੋਜਾਂ ਇਸ ਨਜ਼ਰੀਏ ਨੂੰ ਪ੍ਰਵਾਨ ਨਹੀਂ ਕਰਦੀਆਂ। ਸਾਡੇ ਆਧੁਨਿਕ ਆਗੂਆਂ ਵੱਲੋਂ ਬਾਗ਼ੀ ਫ਼ੌਜੀਆਂ ਅਤੇ ਉਨ੍ਹਾਂ ਦੇ ਕਥਿਤ ਆਗੂਆਂ ਦੀ ਉੱਚੇ ਸੁਰ ਵਿਚ ਕੀਤੀ ਗਈ ਪ੍ਰਸੰਸਾ ਬੇਲੋੜੀ ਹੈ। ਉਨ੍ਹਾਂ ਦੇ ਮਨੋਰਥ ਵਿਚ ਸਾਥ ਨਾ ਦੇਣ ਵਾਲਿਆਂ ਜਾਂ ਉਨ੍ਹਾਂ ਦੀਆਂ ਕਾਰਵਾਈਆਂ ਦਾ ਵਿਰੋਧ ਕਰਨ ਵਾਲਿਆਂ ਖ਼ਿਲਾਫ਼ ਧੋਖੇ ਅਤੇ ਵਿਸਾਹਘਾਤ ਦੇ ਦੋਸ਼ ਤੇ ਇਲਜ਼ਾਮ ਲਾਉਣਾ ਵੀ ਓਨਾ ਹੀ ਬੇਲੋੜਾ ਹੈ। ਇਸ ਮਾਮਲੇ ਵਿਚ ਸਭ ਤੋਂ ਜ਼ਿਆਦਾ ਭੁਗਤਭੋਗੀ ਪੰਜਾਬ ਦੇ ਲੋਕ ਹਨ, ਖ਼ਾਸ ਕਰਕੇ ਸਿੱਖ। ਇਸ ਦਾ ਕਾਰਨ ਉਨ੍ਹਾਂ ਸਿਆਸਦਾਨਾਂ ਦਾ ਤੀਬਰ ਪ੍ਰਾਪੇਗੰਡਾ ਹੈ ਜਿਹੜੇ ਇਤਿਹਾਸਕ ਸੱਚ ਦੀ ਉੱਕਾ ਹੀ ਪ੍ਰਵਾਹ ਕਰਦੇ ਨਜ਼ਰ ਨਹੀਂ ਆਉਂਦੇ।

**ਝੂਠੇ ਇਲਜ਼ਾਮ**

ਕੁਝ ਲੋਕ ਕਹਿੰਦੇ ਹਨ ਕਿ 'ਭਾਰਤੀ ਲੋਕਾਂ ਦਾ ਆਜ਼ਾਦੀ ਦਾ ਸੰਘਰਸ਼ (1857) ਇਸ ਲਈ ਅਸਫ਼ਲ ਰਿਹਾ ਕਿਉਂਕਿ ਸਿੱਖਾਂ ਨੇ ਆਪਣੇ ਸਾਥੀਆਂ ਨੂੰ ਧੋਖਾ ਦਿੱਤਾ ਅਤੇ ਅੰਗਰੇਜ਼ਾਂ ਦਾ ਸਾਥ ਦਿੱਤਾ'। ਸਿੱਖਾਂ ਖ਼ਿਲਾਫ਼ 'ਧੋਖਾ ਦੇਣ' ਦਾ ਇਲਜ਼ਾਮ ਤਾਂ ਹੀ ਜਾਇਜ਼ ਹੁੰਦਾ ਜੇਕਰ ਉਨ੍ਹਾਂ ਨੇ ਕਿਸੇ ਮਨੋਰਥ, ਵਿਅਕਤੀ ਜਾਂ ਸਭਾ ਨਾਲ ਪਹਿਲਾਂ ਮਿੱਤਰਤਾ ਜਾਂ ਮਾਲਕੀ ਵਾਲਾ ਰਿਸ਼ਤਾ ਜੋੜਿਆ ਹੁੰਦਾ ਤੇ ਫਿਰ ਉਸ ਦਾ 'ਸਾਥ ਛੱਡਿਆ' ਜਾਂ 'ਉਸ ਨਾਲ ਬੇਵਫ਼ਾਈ ਕੀਤੀ' ਜਾਂ 'ਸਾਂਝੇਦਾਰੀ ਤੋੜੀ' ਹੁੰਦੀ। ਇਤਿਹਾਸ ਗਵਾਹ ਹੈ ਕਿ ਸਿੱਖਾਂ ਨੂੰ ਕਿਸੇ ਵੀ ਸਮੇਂ 1857 ਦੀ ਬਗ਼ਾਵਤ ਦਾ ਨਾ ਤਾਂ ਇਲਮ ਸੀ, ਨਾ ਹੀ ਉਹ ਇਸ ਦੇ ਮਨੋਰਥ ਨਾਲ ਜੁੜੇ ਹੋਏ ਸਨ। ਉਨ੍ਹਾਂ ਨੂੰ ਕਦੇ ਵੀ ਇਸ ਬਾਰੇ ਭਰੋਸੇ ਵਿਚ ਲਿਆ ਹੀ ਨਹੀਂ ਗਿਆ। ਨਾ ਹੀ ਉਨ੍ਹਾਂ ਨਾਲ ਕੋਈ ਸਲਾਹ-ਮਸ਼ਵਰਾ ਕੀਤਾ ਗਿਆ ਅਤੇ ਨਾ ਹੀ ਸੱਦਿਆ ਗਿਆ। ਪੰਜਾਬ ਵਿਚ ਉਦੋਂ ਵੀ ਤੇ ਹੁਣ ਵੀ ਕਿਹਾ ਜਾਂਦਾ ਹੈ ਕਿ ਬੰਗਾਲੀ ਫ਼ੌਜ ਦੇ ਸਿਪਾਹੀਆਂ ਵਜੋਂ ਪੂਰਬੀਏ ਸਿਪਾਹੀਆਂ ਅੰਦਰ ਅੰਗਰੇਜ਼ਾਂ ਖ਼ਿਲਾਫ਼ ਸਹਿਯੋਗ ਲਈ ਸਿੱਖਾਂ ਤੱਕ ਪਹੁੰਚ ਕਰਨ ਦਾ ਨੈਤਿਕ ਬਲ ਹੀ ਨਹੀਂ ਸੀ ਕਿਉਂਕਿ ਸੰਨ 1845-46 ਵਿਚ ਪੰਜਾਬ ਦੇ ਸੁਤੰਤਰ ਰਾਜ ਨੂੰ ਤਬਾਹ ਕਰਨ ਅਤੇ ਸੰਨ 1848-49 ਵਿਚ ਇਸ ਨੂੰ ਅੰਗਰੇਜ਼ੀ ਸਾਸ਼ਨ ਅਧੀਨ ਕਰਨ ਵਿਚ ਉਨ੍ਹਾਂ ਨੇ ਆਪ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ। ਇਸ ਤਰ੍ਹਾਂ ਪੂਰਬੀਏ ਸਿਪਾਹੀਆਂ ਅਤੇ ਪੰਜਾਬ ਦੇ ਲੋਕਾਂ ਵਿਚ ਕਿਸੇ ਸਾਂਝ ਦਾ ਤੋੜ-ਵਿਛੋੜਾ ਨਹੀਂ ਹੋਇਆ ਸੀ। ਪੰਜਾਬ ਵਿਚ ਪੂਰਬੀਆਂ ਦੀ ਮੋਰਚਾਬੰਦੀ ਦੀਆਂ ਹਮਲਾਵਰ ਹਵਾਵਾਂ ਖ਼ਾਸ ਕਰ ਜੰਗਜੂ ਸਿੱਖਾਂ ਲਈ ਪੀੜਾਦਾਇਕ ਸਨ। ਸੰਨ 1846 ਵਿਚ ਜੰਗ ਦੇ ਮੈਦਾਨ ਤੋਂ ਰਾਜਧਾਨੀ ਲਾਹੌਰ ਤੱਕ ਕੀਤੇ ਗਏ ਆਪਣੇ ਪਹਿਲੇ ਮਾਰਚ ਅਤੇ ਰਲੇਵੇਂ ਤੋਂ ਪਹਿਲਾਂ ਤੇ ਬਾਅਦ ਵਿਚ ਅੰਗਰੇਜ਼ਾਂ ਵੱਲੋਂ ਦੇਸ਼ 'ਤੇ ਕਬਜ਼ੇ ਦੌਰਾਨ ਆਮ ਲੋਕਾਂ ਪ੍ਰਤੀ ਉਨ੍ਹਾਂ ਦੇ ਵਿਹਾਰ ਨੇ ਲੋਕਾਂ ਦੇ ਦਿਲਾਂ 'ਤੇ ਅਜਿਹੇ ਡੂੰਘੇ ਫੱਟ ਲਾਏ ਸਨ ਜਿਹੜੇ ਇੰਨੇ ਥੋੜ੍ਹੇ ਅਰਸੇ ਵਿਚ ਭਰੇ ਨਹੀਂ ਸਨ ਜਾ ਸਕਦੇ।

**ਬਗ਼ਾਵਤ ਵਿਚ ਕੁਝ ਵੀ ਕੌਮੀ ਨਹੀਂ ਸੀ**

ਸਿੱਖ ਨਾ ਤਾਂ ਪੰਜਾਬ ਦੇ ਪੁਰਾਣੇ ਦੁਸ਼ਮਣਾਂ ਦਾ ਸਹਿਯੋਗ ਕਰਨ ਲਈ ਅੱਗੇ ਆ ਸਕਦੇ ਸਨ ਅਤੇ ਨਾ ਹੀ ਉਹ ਆਪਣੇ ਵਾਜਿਬ ਕਾਰਨਾਂ ਕਰਕੇ ਮੁਗ਼ਲ ਬਾਦਸ਼ਾਹ, ਬਹਾਦੁਰ ਸ਼ਾਹ ਦੂਸਰੇ ਦੇ ਮਨੋਰਥਾਂ ਦਾ ਸਾਥ ਦੇ ਸਕਦੇ ਸਨ, ਜਿਸ ਨੂੰ ਬਾਗ਼ੀਆਂ ਨੇ ਤਖ਼ਤ 'ਤੇ ਬਿਠਾ ਦਿੱਤਾ ਸੀ। ਸਿੱਖ ਦੋ ਸਦੀਆਂ ਤੋਂ ਜ਼ਿਆਦਾ ਸਮੇਂ ਤੱਕ ਮੁਗ਼ਲਾਂ ਦੇ ਅੱਤਿਆਚਾਰ ਖ਼ਿਲਾਫ਼ ਲੜੇ ਸਨ ਅਤੇ ਹੁਣ ਉਹ ਉਸ ਸਾਂਝੇਦਾਰੀ ਦਾ ਸਮਰਥਨ ਕਰਨ ਲਈ ਮਨਾਏ ਨਹੀਂ ਸਨ ਜਾ ਸਕਦੇ ਜਿਹੜੀ ਉਸ ਨੂੰ ਮੁੜ ਸਥਾਪਿਤ ਕਰ ਸਕਦੀ ਸੀ। ਹੋਰ ਤਾਂ ਹੋਰ, ਬਾਅਦ ਵਿਚ ਇਹ ਉਭਰ ਕੇ ਸਾਹਮਣੇ ਆ ਗਿਆ ਕਿ ਬਗ਼ਾਵਤ ਵਿਚ ਕੌਮੀ ਜਾਂ ਦੇਸ਼-ਭਗਤੀ ਵਾਲਾ ਅਜਿਹਾ ਕੁਝ ਵੀ ਨਹੀਂ ਸੀ ਜਿਹੜਾ ਸਿੱਖਾਂ ਦੀਆਂ ਨੇਕ ਭਾਵਨਾਵਾਂ ਨੂੰ ਬਾਗ਼ੀਆਂ ਦਾ ਸਾਥ ਦੇਣ ਲਈ ਤਿਆਰ ਕਰ ਸਕਦਾ।

ਬਾਗ਼ੀਆਂ ਦਾ ਗੁੱਸਾ ਜ਼ਿਆਦਾਤਰ ਇਸਾਈਆਂ ਵੱਲ ਸੇਧਤ ਸੀ ਜਿਨ੍ਹਾਂ ਨੇ ਉਨ੍ਹਾਂ ਦੇ ਧਰਮ ਵਿਚ ਦਖ਼ਲ-ਅੰਦਾਜ਼ੀ ਕੀਤੀ ਸੀ। ਮੇਰਠ, ਦਿੱਲੀ ਅਤੇ ਹੋਰ ਥਾਵਾਂ 'ਤੇ ਅਨੇਕ ਬੇਕਸੂਰ ਅੰਗਰੇਜ਼ ਵਿਅਕਤੀ, ਉਨ੍ਹਾਂ ਦੀਆਂ ਔਰਤਾਂ ਤੇ ਬੱਚੇ ਬੇਕਿਰਕੀ ਨਾਲ ਕੋਹੇ ਗਏ ਸਨ। ਦਿੱਲੀ ਵਿਚ ਮਾਰਿਆ ਜਾਣ ਵਾਲਾ ਪਹਿਲਾ ਵਿਅਕਤੀ ਭਾਰਤੀ ਇਸਾਈ ਡਾ. ਚਮਨ ਲਾਲ ਸੀ ਜੋ ਆਪਣੀ ਡਿਸਪੈਂਸਰੀ ਦੇ ਬਾਹਰ ਖੜ੍ਹਾ ਸੀ। ਉਨ੍ਹਾਂ ਦੇ ਅਗਲੇ ਸ਼ਿਕਾਰ ਬਾਣੀਏ ਤੇ ਮਹਾਜਨ ਸਨ। ਉਨ੍ਹਾਂ ਦੀਆਂ ਦੁਕਾਨਾਂ ਲੁੱਟੀਆਂ ਗਈਆਂ ਅਤੇ ਵਹੀਆਂ ਤੇ ਕਰਜ਼ੇ ਵਾਲੇ ਇਕਰਾਰਨਾਮੇ ਸਾੜ ਕੇ ਤਬਾਹ ਕਰ ਦਿੱਤੇ ਗਏ। ਇਸ ਤੋਂ ਅਗਾਂਹ ਉਨ੍ਹਾਂ ਵੱਲੋਂ ਈਸਟ ਇੰਡੀਆ ਕੰਪਨੀ ਦੇ

ਰਾਜ ਨੂੰ ਉਲਟਾਉਣ ਜਾਂ ਦੇਸ਼ ਉੱਪਰ ਅੰਗਰੇਜ਼ਾਂ ਦੇ ਪ੍ਰਸ਼ਾਸਨਿਕ ਨਿਯੰਤਰਨ ਨੂੰ ਕਮਜ਼ੋਰ ਕਰਨ ਦੀ ਕੋਈ ਯੋਜਨਾ ਜਾਂ ਸੰਗਠਿਤ ਵਿਉਂਤਬੰਦੀ ਜਾਂ ਉਪਰਾਲਾ ਨਹੀਂ ਕੀਤਾ ਗਿਆ ਸੀ।

ਇੱਥੋਂ ਤੱਕ ਕਿ ਇਹ ਬਗ਼ਾਵਤ ਬੰਗਾਲ ਫ਼ੌਜ ਦੇ ਪੂਰਬੀਏ ਸਿਪਾਹੀਆਂ ਤੱਕ ਹੀ ਸੀਮਿਤ ਸੀ।

ਇਲਾਕਾਈ ਪੱਧਰ 'ਤੇ ਵੀ ਇਹ ਬਗ਼ਾਵਤ ਉੱਤਰ-ਪ੍ਰਦੇਸ਼ ਅਤੇ ਇਸ ਦੇ ਗੁਆਂਢੀ ਇਲਾਕਿਆਂ ਤੱਕ ਹੀ ਸੀਮਿਤ ਸੀ, ਜਦਕਿ 80 ਫ਼ੀਸਦੀ ਭਾਰਤ ਖ਼ਾਸ ਤੌਰ 'ਤੇ ਇਸ ਬਗ਼ਾਵਤ ਦੇ ਪ੍ਰਭਾਵ ਤੋਂ ਦੂਰ ਸੀ। ਇੱਥੋਂ ਤੱਕ ਕਿ ਉੱਤਰ-ਪ੍ਰਦੇਸ਼ ਵਿਚ ਵੀ ਕਈ ਇਲਾਕੇ ਸ਼ਾਂਤਮਈ ਰਹੇ। ਫ਼ੌਜੀ ਬਗ਼ਾਵਤ ਨੂੰ ਜਾਰੀ ਰੱਖਣ ਤੇ ਅੱਗੇ ਵਧਾਉਣ ਪ੍ਰਤੀ ਦਿਲਚਸਪੀ ਤੇ ਹਮਦਰਦੀ ਦੀ ਘਾਟ ਅਤੇ ਕਈ ਮਾਮਲਿਆਂ ਵਿਚ ਇਸ ਦੇ ਸਿੱਧੇ ਵਿਰੋਧ ਦਾ ਕਾਰਨ ਕਿਸੇ ਸਾਂਝੇ ਮਨੋਰਥ, ਕਿਸੇ ਵਿਉਂਤਬੰਦੀ ਤੇ ਸਾਂਝੇ-ਹਿੱਤਾਂ ਦੀ ਅਣਹੋਂਦ ਸੀ।

ਦਿੱਲੀ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਸਿਪਾਹੀਆਂ ਦੀਆਂ ਸ਼ੁਰੂਆਤੀ ਕਾਰਵਾਈਆਂ ਨਾ ਸਿਰਫ਼ ਦੇਸ਼ ਦੀ ਆਮ ਜਨਤਾ ਦੀਆਂ ਭਾਵਨਾਵਾਂ ਦੇ ਉਲਟ ਸਨ ਬਲਕਿ ਉਨ੍ਹਾਂ ਗ਼ੈਰ-ਪੂਰਬੀਆਂ, ਰਾਜਪੂਤ ਫ਼ੌਜੀਆਂ, ਮਰਾਠਿਆਂ, ਮਦਰਾਸੀਆਂ, ਗੜ੍ਹਵਾਲੀਆਂ, ਗੋਰਖਿਆਂ, ਡੋਗਰਿਆਂ, ਪੰਜਾਬੀ ਮੁਸਲਮਾਨਾਂ, ਸਿੱਖਾਂ ਅਤੇ ਪਠਾਨਾਂ ਦੀਆਂ ਭਾਵਨਾਵਾਂ ਦੇ ਵੀ ਉਲਟ ਸਨ ਜਿਹੜੇ ਮਾਸੂਮ ਔਰਤਾਂ ਤੇ ਬੱਚਿਆਂ ਦੇ ਕਤਲਾਂ ਅਤੇ ਆਪਣੇ ਹੀ ਦੇਸ਼ਵਾਸੀਆਂ ਦੀ ਲੁੱਟ-ਖੋਹ ਦੇ ਹਿੱਸੇਦਾਰ ਨਹੀਂ ਸਨ ਬਣ ਸਕਦੇ।

**ਧਾਰਮਿਕ ਦੰਗੇ**

ਇਹ ਬਗ਼ਾਵਤ ਵੱਧ ਤੋਂ ਵੱਧ ਉੱਤਰ-ਪ੍ਰਦੇਸ਼ ਦੇ ਹਿੰਦੂ ਤੇ ਮੁਸਲਮਾਨ ਸਿਪਾਹੀਆਂ ਦਾ ਉਨ੍ਹਾਂ ਕੁਝ ਅੰਗਰੇਜ਼ ਫ਼ੌਜੀ ਅਫ਼ਸਰਾਂ ਦੀ ਸੂਝ ਰਹਿਤ, ਪਰ ਸ਼ਾਇਦ ਅਣਚਿਤਵੀ ਬੇਰਹਿਮੀ ਖ਼ਿਲਾਫ਼ ਧਾਰਮਿਕ ਦੰਗਾ ਸੀ, ਜਿਹੜੇ ਚਰਬੀ ਵਾਲੇ ਕਾਰਤੂਸਾਂ ਨਾਲ ਹਿੰਦੂਆਂ ਤੇ ਮੁਸਲਮਾਨਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਪਹੁੰਚੀ ਠੇਸ ਪ੍ਰਤੀ ਲਾਪ੍ਰਵਾਹ ਸਾਬਤ ਹੋਏ ਸਨ। ਆਪਣੀਆਂ ਭੜਕੀਆਂ ਹੋਈਆਂ ਭਾਵਨਾਵਾਂ ਦੇ ਨਾਲ ਮੇਰਠ ਤੇ ਦਿੱਲੀ ਵਿਚ ਕੀਤੇ ਕਈ ਕਤਲਾਂ ਤੋਂ ਬਾਅਦ ਸਿਪਾਹੀ ਆਪਣੇ ਕਦਮਾਂ ਨੂੰ ਪਿੱਛੇ ਨਹੀਂ ਮੋੜ ਸਕੇ। ਉਸ ਤੋਂ ਬਾਅਦ ਜੇਲ੍ਹਾਂ ਵਿਚੋਂ ਆਜ਼ਾਦ ਹੋ ਗਏ ਗੁੰਡੇ, ਗੁਆਂਢੀ ਇਲਾਕਿਆਂ ਦੇ ਅਪਰਾਧੀ ਕਬੀਲਿਆਂ ਦੇ ਪੇਸ਼ੇਵਰ ਡਾਕੂ ਅਤੇ ਲੁੱਟਾਂ-ਖੋਹਾਂ ਕਰਨ ਵਾਲੇ ਵੀ ਉਨ੍ਹਾਂ ਵਿਚ ਸ਼ਾਮਲ ਹੋ ਗਏ।

**ਬਹਾਦਰ ਸ਼ਾਹ ਇਕ ਕਠਪੁਤਲੀ ਬਾਦਸ਼ਾਹ**

ਇਹ ਸੱਚ ਹੈ ਕਿ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜਫ਼ਰ ਨੂੰ ਰਾਜਾ ਐਲਾਨ ਦਿੱਤਾ ਗਿਆ ਸੀ ਜਿਸ ਦੇ ਨਾਮ 'ਤੇ ਉਨ੍ਹਾਂ ਨੇ ਹਿੰਦੂ ਅਤੇ ਇਸਲਾਮ ਦੀ ਰਾਖੀ ਲਈ ਖੜ੍ਹੇ ਹੋਣ ਦਾ ਦਾਅਵਾ ਕੀਤਾ ਸੀ। ਪਰ ਅਮਲੀ ਰੂਪ ਵਿਚ, ਇਹ ਉਨ੍ਹਾਂ ਵੱਲੋਂ ਕੀਤੇ ਅਪਰਾਧਾਂ ਤੇ ਕੁਕਰਮਾਂ 'ਤੇ ਪਰਦਾ ਪਾਉਣ ਦੇ ਬਹਾਨੇ ਤੋਂ ਜ਼ਿਆਦਾ ਕੁਝ ਵੀ ਨਹੀਂ ਸੀ। ਉਨ੍ਹਾਂ ਨੇ ਨਾ ਸਿਰਫ ਉਸ ਦੀ ਸਰੇਆਮ ਅਵੱਗਿਆ ਕੀਤੀ ਬਲਕਿ ਜਨਤਕ ਤੌਰ 'ਤੇ ਉਸ ਦੇ ਹੁਕਮਾਂ ਦੀ ਉਲੰਘਣਾ ਵੀ ਕੀਤੀ। ਉਨ੍ਹਾਂ ਨੇ ਉਸ ਦੇ ਮੂੰਹ 'ਤੇ ਉਸ ਦੀ ਬੇਇੱਜ਼ਤੀ ਕੀਤੀ ਅਤੇ ਉਸ ਦੇ ਮਹਿਲ ਅੰਦਰ ਹੀ ਉਸ ਨਾਲ ਅਭੱਦਰ ਵਿਹਾਰ ਕੀਤਾ। ਸਿਪਾਹੀਆਂ ਦਾ ਇਹ ਵਤੀਰਾ ਉਸ ਰਾਜੇ ਪ੍ਰਤੀ ਵਫ਼ਾਦਾਰੀ ਤੇ ਸਮਰਪਣ ਵਾਲਾ ਨਹੀਂ ਸੀ ਜਿਸ ਨੂੰ ਉਨ੍ਹਾਂ ਨੇ ਆਪ ਹੀ ਤਖ਼ਤ 'ਤੇ ਬਿਠਾਇਆ ਸੀ। ਪਰ ਸੱਚਾਈ ਇਹ ਸੀ ਕਿ ਉਨ੍ਹਾਂ ਨੇ ਉਸ ਨੂੰ ਵਰਤਣ ਲਈ ਹੀ ਅਜਿਹਾ ਕੀਤਾ ਸੀ। ਜੇ ਉਹ ਉਨ੍ਹਾਂ ਦੇ ਕਿਸੇ ਕੰਮ ਦਾ ਨਾ ਹੁੰਦਾ ਤਾਂ ਉਨ੍ਹਾਂ ਨੇ ਉਸ ਨੂੰ ਛੱਡਣ ਵਿਚ ਭੋਰਾ ਝਿਜਕ ਮਹਿਸੂਸ ਨਹੀਂ ਸੀ ਕਰਨੀ। 'ਦਿੱਲੀ ਦੇ ਸਿਪਾਹੀਆਂ ਨੇ ਉਦੋਂ ਤੱਕ ਲੜਨ ਤੋਂ ਇਨਕਾਰ ਕਰ ਦਿੱਤਾ ਜਦੋਂ ਤੱਕ ਉਨ੍ਹਾਂ ਨੂੰ ਉਨ੍ਹਾਂ ਦੀ ਬਣਦੀ ਵਾਜਬ ਤਨਖਾਹ ਅਦਾ ਨਹੀਂ ਕੀਤੀ ਜਾਂਦੀ- ਇਹ ਅਜਿਹੀ ਮੰਗ ਸੀ ਜਿਹੜੀ ਆਜ਼ਾਦੀ ਦੀ ਜੰਗ ਦੇ ਯੋਧਿਆਂ ਦੀ ਭਾਵਨਾ ਨਾਲ ਬਿਲਕੁਲ ਵੀ ਮੇਲ ਨਹੀਂ ਖਾਂਦੀ ਸੀ।' {ਆਰ. ਸੀ. ਐਮ., 233}

ਰਾਜਾ ਆਪ ਵੀ ਹਾਲਾਤ ਦਾ ਸ਼ਿਕਾਰ ਸੀ। ਬਗ਼ਾਵਤ ਕਰਵਾਉਣ ਜਾਂ ਉਤਸ਼ਾਹਤ ਕਰਨ ਵਿਚ ਉਸ ਦਾ ਕੋਈ ਹੱਥ ਨਹੀਂ ਸੀ। ਅੰਗਰੇਜ਼ਾਂ ਨੂੰ ਨਿੰਮੋਝੂਣੇ ਹੋਏ ਦੇਖ ਕੇ ਉਹ ਮਨ ਹੀ ਮਨ ਸ਼ਾਇਦ ਖ਼ੁਸ਼ ਤਾਂ ਹੋਇਆ ਹੋਵੇਗਾ। ਪਰ ਉਸ ਦੀ ਉਮਰ ਇੰਨੀ ਜ਼ਿਆਦਾ ਹੋ ਚੁੱਕੀ ਸੀ ਕਿ ਨਾ ਤਾਂ ਉਹ ਬਗ਼ਾਵਤ ਦੀ ਘਾੜਤ ਘੜ ਸਕਦਾ ਸੀ ਤੇ ਨਾ ਹੀ ਇਸ ਦੀ ਅਗਵਾਈ ਕਰ ਸਕਦਾ ਸੀ। ਅਸਲ ਵਿਚ ਤਾਂ ਉਦੋਂ ਤੱਕ ਉਸ ਨੂੰ ਇਲਮ ਤੱਕ ਨਹੀਂ ਸੀ ਕਿ ਸਿਪਾਹੀਆਂ ਨੇ ਬਗ਼ਾਵਤ ਕਰ ਦਿੱਤੀ ਸੀ, ਜਦੋਂ ਤੱਕ ਸਿਪਾਹੀ ਉਸ ਦੇ ਦਰਾਂ ਤੱਕ ਨਹੀਂ ਆ

ਗਏ। ਇਸ ਗੱਲ ਦਾ ਇਲਮ ਉਸ ਨੂੰ ਉਦੋਂ ਹੋਇਆ ਜਦੋਂ ਸਿਪਾਹੀਆਂ ਨੇ ਆ ਕੇ ਉਸ ਨੂੰ ਉਨ੍ਹਾਂ ਦੀ ਅਗਵਾਈ ਕਰਨ ਦੀ ਅਪੀਲ ਕੀਤੀ। ਉਸ ਨੇ ਆਪਣੀ ਕਮਜ਼ੋਰੀ ਅਤੇ ਗ਼ਰੀਬੀ ਦਾ ਵਾਸਤਾ ਦਿੱਤਾ ਪਰ ਸਿਪਾਹੀ ਕੁਝ ਵੀ ਸੁਣਨ ਲਈ ਤਿਆਰ ਨਹੀਂ ਸਨ। ਉਹ ਦੁਚਿੱਤੀ ਵਿਚ ਸੀ। ਉਸ ਨੇ ਮੇਰਠ ਵਿਚ ਹੋਈ ਬਗ਼ਾਵਤ ਅਤੇ ਬਾਗ਼ੀਆਂ ਦੇ ਦਿੱਲੀ ਪਹੁੰਚਣ ਬਾਰੇ ਲੈਫ਼ਟਿਨੈਂਟ-ਗਵਰਨਰ ਨੂੰ ਖ਼ਬਰ ਕਰਨ ਲਈ ਇਕ ਤੇਜ਼ ਰਫ਼ਤਾਰ ਊਠ ਸਵਾਰ ਆਗਰੇ ਭੇਜਿਆ।

**ਧੋਖੇਬਾਜ਼ ਅਤੇ ਭਰੋਸੇਹੀਣ ਬਾਗ਼ੀ**

ਹਥਿਆਰਬੰਦ ਸਿਪਾਹੀਆਂ ਵੱਲੋਂ ਉਸ ਦੇ ਮਹਿਲ ਅੰਦਰ ਵਧਦੀ ਹਿੰਸਾ ਕਰਕੇ ਮਹਿਲ ਦੀ ਸ਼ਾਂਤੀ ਭੰਗ ਹੁੰਦਿਆਂ ਦੇਖ ਬਜ਼ੁਰਗ ਰਾਜਾ ਆਪਣੇ ਆਪ ਨੂੰ ਮਜਬੂਰ ਮਹਿਸੂਸ ਕਰਦਿਆਂ ਉਨ੍ਹਾਂ ਅੱਗੇ ਝੁਕ ਗਿਆ। ਡਰਦਿਆਂ ਉਸ ਨੇ ਓਹੀ ਐਲਾਨ ਕਰ ਦਿੱਤੇ ਜੋ ਸਿਪਾਹੀ ਚਾਹੁੰਦੇ ਸਨ। ਉਤਲੇ ਮਨੋਂ ਉਨ੍ਹਾਂ ਦੇ ਮਨੋਰਥ ਦਾ ਸਮਰਥਨ ਕਰ ਦਿੱਤਾ। ਇਕ ਹਫ਼ਤੇ ਦੇ ਅੰਦਰ ਹੀ ਅਨੁਸ਼ਾਸਨਹੀਣ ਸਿਪਾਹੀਆਂ ਨੇ ਰਾਜੇ ਦੇ ਅਧਿਕਾਰ-ਖੇਤਰ ਦੀ ਉਲੰਘਣਾ ਕਰਨੀ ਸ਼ੁਰੂ ਕਰ ਦਿੱਤੀ। ਬਾਗ਼ੀ ਸਿਪਾਹੀਆਂ ਨੇ ਬਾਦਸ਼ਾਹ ਵੱਲੋਂ ਨਾਮਜ਼ਦ ਬਖ਼ਤ ਖ਼ਾਨ ਦੀ ਅਗਵਾਈ ਪ੍ਰਵਾਨ ਕਰਨ ਤੋਂ ਇਨਕਾਰ ਕਰਦਿਆਂ ਸ਼ਹਿਜ਼ਾਦੇ ਅਬੂ-ਬਕਰ ਦਾ ਪੱਲਾ ਫੜ ਲਿਆ। ਉਨ੍ਹਾਂ ਨੇ 17 ਮਈ ਨੂੰ ਬਜ਼ੁਰਗ ਬਾਦਸ਼ਾਹ ਦੀ ਥਾਵੇਂ ਸ਼ਹਿਜ਼ਾਦੇ ਅਬੂ-ਬਕਰ ਨੂੰ ਆਪਣਾ ਰਾਜਾ ਚੁਣ ਲਿਆ। ਰਾਜੇ ਦੇ ਵਿਸ਼ਵਾਸ-ਪਾਤਰ ਅਹਿਸਾਨਉੱਲਾਹ ਨੇ ਸ਼ਿਕਾਇਤ ਕੀਤੀ ਕਿ 'ਬਾਗ਼ੀ ਧੋਖੇਬਾਜ਼, ਖ਼ੂਨ ਦੇ ਪਿਆਸੇ ਲੋਕ ਹਨ, ਜਿਨ੍ਹਾਂ 'ਤੇ ਕੋਈ ਭਰੋਸਾ ਨਹੀਂ ਕੀਤਾ ਜਾ ਸਕਦਾ'।

**ਬਹਾਦਰ ਸ਼ਾਹ ਅਤੇ ਉਸ ਦੇ ਪਰਿਵਾਰ ਦੀ ਅੰਗਰੇਜ਼ਾਂ ਦੀ ਸਹਾਇਤਾ ਕਰਨ ਦੀ ਇੱਛਾ**

ਰਾਜੇ ਨੂੰ ਸਿਪਾਹੀਆਂ ਜਾਂ ਉਨ੍ਹਾਂ ਦੀ ਬਗ਼ਾਵਤ ਸਫ਼ਲ ਹੋਣ ਦਾ ਕੋਈ ਭਰੋਸਾ ਨਹੀਂ ਸੀ। ਇਸ ਕਰਕੇ ਉਸ ਨੇ ਗੁਪਤ ਰੂਪ ਵਿਚ ਅੰਗਰੇਜ਼ਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਤਜਵੀਜ਼ ਪੇਸ਼ ਕੀਤੀ ਕਿ ਜੇ ਉਹ ਉਸ ਦੀ ਜਾਨ ਬਚਾਉਣ, ਪੈਨਸ਼ਨ ਅਤੇ ਸਹੂਲਤਾਂ ਜਾਰੀ ਰੱਖਣ ਦੀ ਗਰੰਟੀ ਦੇਣਗੇ ਤਾਂ ਉਹ ਕਿਲ੍ਹੇ ਤੇ ਦਿੱਲੀ ਸ਼ਹਿਰ ਦੇ ਦਰਵਾਜ਼ੇ ਉਨ੍ਹਾਂ ਲਈ ਖੋਲ੍ਹ ਦੇਵੇਗਾ। ਇਹ ਸੱਚ ਹੈ ਕਿ ਇਸ ਗੱਲਬਾਤ ਦਾ ਕੋਈ ਨਤੀਜਾ ਨਹੀਂ ਨਿਕਲਿਆ ਪਰ ਇਸ ਨੇ 'ਬਗ਼ਾਵਤ ਜਾਂ ਆਜ਼ਾਦੀ ਦੀ ਜੰਗ ਦੇ ਮਾਮਲੇ ਵਿਚ ਬਹਾਦਰ ਸ਼ਾਹ ਦੇ ਅਸਲੀ ਰੰਗ ਸਾਹਮਣੇ ਲਿਆ ਦਿੱਤੇ। {ਆਰ. ਸੀ. ਐਮ., 123}

ਵੱਡੀ ਰਾਣੀ ਜ਼ੀਨਤ ਮਹਿਲ ਨੇ ਆਪਣੇ ਪੱਧਰ 'ਤੇ ਅੰਗਰੇਜ਼ਾਂ ਦੀ ਮਦਦ ਕਰਨ ਦੀ ਤਜਵੀਜ਼ ਇਕ ਸ਼ਰਤ 'ਤੇ ਰੱਖੀ। ਸ਼ਰਤ ਇਹ ਸੀ ਕਿ ਅੰਗਰੇਜ਼ ਬਾਕੀ ਸ਼ਹਿਜ਼ਾਦਿਆਂ ਨੂੰ ਛੱਡ ਕੇ ਉਸ ਦੇ ਪੁੱਤਰ ਜਵਾਂ ਬਖ਼ਤ ਨੂੰ ਬਜ਼ੁਰਗ ਬਾਦਸ਼ਾਹ ਦੇ ਵਾਰਸ ਵਜੋਂ ਮਾਨਤਾ ਦੇ ਦੇਣ। ਮੁਗ਼ਲ ਸ਼ਹਿਜ਼ਾਦੇ ਵੀ ਬਾਗ਼ੀਆਂ ਪ੍ਰਤੀ ਗੰਭੀਰ ਤੇ ਵਫ਼ਾਦਾਰ ਨਹੀਂ ਸਨ। ਉਨ੍ਹਾਂ ਨੇ ਵੀ ਆਪਣੇ ਪੱਧਰ 'ਤੇ ਅੰਗਰੇਜ਼ਾਂ ਨੂੰ ਦਿੱਲੀ 'ਤੇ ਕਬਜ਼ਾ ਕਰਨ ਵਿਚ ਮਦਦ ਕਰਨ ਲਈ ਆਪਣੀਆਂ ਸੇਵਾਵਾਂ ਪ੍ਰਦਾਨ ਕਰਨ ਦੀ ਤਜਵੀਜ਼ ਦਿੱਤੀ ਬਸ਼ਰਤੇ ਅੰਗਰੇਜ਼ ਉਨ੍ਹਾਂ ਦਾ ਪੱਖ ਪੂਰਨ {ਐਸ. ਐਨ. ਐਸ., 95-96}। 'ਆਪਣੀ ਸੱਤਾ ਦੇ ਥੋੜ੍ਹੇ ਜਿਹੇ ਸਮੇਂ ਦੌਰਾਨ', ਸ਼ਾਹਿਜ਼ਾਦਿਆਂ ਨੇ ਸ਼ਹਿਰ ਦੀ ਲੁੱਟ ਨਾਲ 'ਆਪਣੇ ਆਪ ਨੂੰ ਆਪਣੇ ਖ਼ਜ਼ਾਨੇ ਭਰਨ ਵਿਚ ਲਾਈ ਰੱਖਿਆ' ਅਤੇ ਫਿਰ 'ਉਨ੍ਹਾਂ ਦੀ ਇਕੋ ਚਿੰਤਾ ਸੀ ਜਿਵੇਂ ਵੀ ਸੰਭਵ ਹੋ ਸਕੇ, ਆਪਣੀ ਜਾਨ ਬਚਾਉਣੀ' {ਐਸ. ਐਨ. ਐਸ., 109}। ਇਨ੍ਹਾਂ ਸਭ ਸਬੂਤਾਂ ਤੋਂ ਬਾਅਦ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਬਚਦੀ, 'ਕਿ ਬਹਾਦਰ ਸ਼ਾਹ ਅਤੇ ਉਸ ਦਾ ਪਰਿਵਾਰ ਜਿਨ੍ਹਾਂ ਬਾਗ਼ੀਆਂ ਦਾ ਨਾਮ ਦਾ ਹੀ ਆਗੂ ਸੀ। ਉਸ ਨੇ ਨਾ ਸਿਰਫ਼ ਉਨ੍ਹਾਂ ਬਾਗ਼ੀਆਂ ਦੇ ਮਨੋਰਥ ਨਾਲ, ਬਲਕਿ ਪੂਰੇ ਦੇਸ਼ ਨਾਲ ਧ੍ਰੋਹ ਕਮਾਇਆ'। {ਆਰ. ਸੀ. ਐਮ., 124}

ਬੱਲਭਗੜ੍ਹ ਦੇ ਰਾਜਾ ਨਾਹਰ ਸਿੰਘ, ਝੱਜਰ ਦੇ ਨਵਾਬ ਅਬਦੁਰ ਰਹਿਮਾਨ ਖ਼ਾਨ ਅਤੇ ਰੇਵਾੜੀ ਦੇ ਰਾਉ ਤੁਲਾ ਰਾਮ ਜਿਨ੍ਹਾਂ ਨੇ ਆਪਣੇ ਆਪ ਨੂੰ ਰਾਜੇ ਅਤੇ ਬਾਗ਼ੀਆਂ ਦੇ ਸਮਰਥਕ ਦਰਸਾਇਆ ਸੀ, ਇਹ ਸਾਰੇ ਹੀ ਦੋਹਰੀ ਖੇਡ ਖੇਡ ਰਹੇ ਸਨ ਅਤੇ ਸਮਝੌਤੇ ਲਈ ਅੰਗਰੇਜ਼ਾਂ ਨਾਲ ਗੱਲ-ਬਾਤ ਕਰ ਰਹੇ ਸਨ। ਪਰ ਅੰਗਰੇਜ਼ਾਂ ਨਾਲ ਉਨ੍ਹਾਂ ਦੇ ਦੋਹਰੇ ਸਮਝੌਤੇ ਸਿਰੇ ਨਹੀਂ ਚੜ੍ਹ ਸਕੇ ਕਿਉਂਕਿ ਅੰਗਰੇਜ਼ਾਂ ਨੇ ਉਨ੍ਹਾਂ ਨਾਲ ਹੋਰ ਬਾਗ਼ੀਆਂ ਵਰਗਾ ਹੀ ਵਤੀਰਾ ਕਰਦਿਆਂ ਉਨ੍ਹਾਂ ਨੂੰ ਫਾਹੇ ਲਾ ਦਿੱਤਾ। {ਐਸ. ਐਨ. ਐਸ., 91, 111}

**ਬਗ਼ਾਵਤ ਦੇ ਆਗੂਆਂ ਦੀ ਮਤਲਬਪ੍ਰਸਤੀ**

ਸਿਪਾਹੀਆਂ ਦੇ ਹੋਰ ਪ੍ਰਮੁੱਖ ਆਗੂਆਂ ਬਾਰੇ ਜਿੰਨੀ ਥੋੜ੍ਹੀ ਗੱਲ ਕੀਤੀ ਜਾਵੇ, ਓਨੀ ਚੰਗੀ ਹੈ। ਬਗਾਵਤ ਦੇ ਰਿਕਾਰਡ ਦੇ ਦਸਤਾਵੇਜ਼ਾਂ ਦੇ ਹਵਾਲੇ ਨਾਲ ਹੋਈਆਂ ਹਾਲੀਆਂ ਖੋਜਾਂ ਦੇ ਸਬੂਤਾਂ 'ਤੇ ਆਧਾਰਤ ਮੌਲਾਨਾ ਅਬੁੱਲ ਕਲਾਮ ਆਜ਼ਾਦ ਦੇ ਸ਼ਬਦਾਂ ਵਿਚ, 'ਬੇਹੱਦ ਸਤਿਕਾਰਯੋਗ ਅਹਿਮਦਉੱਲਾਹ ਅਤੇ ਤਾਂਤਿਆ ਟੋਪੇ ਵਰਗੇ ਕੁਝ ਹੋਰ ਸਤਿਕਾਰਯੋਗ ਅਪਵਾਦਾਂ ਤੋਂ ਇਲਾਵਾ ਇਸ ਸੰਘਰਸ਼ ਵਿਚ ਹਿੱਸਾ ਲੈਣ ਵਾਲੇ ਬਾਕੀ ਆਗੂਆਂ ਨੇ ਇਹ ਕੰਮ ਆਪਣੇ ਨਿੱਜੀ ਮੁਫ਼ਾਦਾਂ ਕਰਕੇ ਕੀਤਾ। ਉਹ ਅੰਗਰੇਜ਼ਾਂ ਖ਼ਿਲਾਫ਼ ਉਦੋਂ ਤੱਕ ਖੜ੍ਹੇ ਨਹੀਂ ਹੋਏ ਜਦੋਂ ਤੱਕ ਉਨ੍ਹਾਂ ਦੇ ਨਿਜੀ ਹਿੱਤਾਂ ਦਾ ਨੁਕਸਾਨ ਨਹੀਂ ਸੀ ਹੋਇਆ। ਇੱਥੋਂ ਤੱਕ ਕਿ ਬਗ਼ਾਵਤ ਸ਼ੁਰੂ ਹੋਣ ਤੋਂ ਬਾਅਦ ਵੀ ਨਾਨਾ ਸਾਹਿਬ ਨੇ ਇਹ ਐਲਾਨ ਕੀਤਾ ਕਿ ਜੇ ਡਲਹੌਜ਼ੀ ਐਲਾਨਾਮੇ ਵਾਪਸ ਲਏ ਜਾਂਦੇ ਹਨ ਅਤੇ ਉਸ ਦੀਆਂ ਮੰਗਾਂ ਮੰਨੀਆਂ ਜਾਂਦੀਆਂ ਹਨ ਤਾਂ ਉਹ ਸਮਝੌਤਾ ਕਰਨ ਲਈ ਤਿਆਰ ਹੋਵੇਗਾ।

**ਹਾਲਾਤ ਦੀ ਸ਼ਿਕਾਰ ਝਾਂਸੀ ਦੀ ਰਾਣੀ**

ਝਾਂਸੀ ਦੀ ਰਾਣੀ ਦੀਆਂ ਆਪਣੀਆਂ ਸ਼ਿਕਾਇਤਾਂ ਸਨ {ਐਸ. ਐਨ. ਐਸ. 15}। ਝਾਂਸੀ ਵਿਚ ਸਿਪਾਹੀਆਂ ਦੀ ਬਗ਼ਾਵਤ ਦੀ ਯੋਜਨਾ ਉਲੀਕਣ, ਉਕਸਾਉਣ ਜਾਂ ਸੰਗਠਿਤ ਕਰਨ ਵਿਚ ਉਸ ਦਾ ਹੱਥ ਹੋਣ ਦਾ ਕੋਈ ਦਸਤਾਵੇਜ਼ੀ ਸਬੂਤ ਨਹੀਂ ਮਿਲਦਾ। ਅਸਲ ਵਿਚ ਤਾਂ ਉਸ ਨੇ ਅੰਗਰੇਜ਼ਾਂ ਨੂੰ ਦੱਸਿਆ ਸੀ ਕਿ ਬਾਗ਼ੀਆਂ ਵੱਲੋਂ ਉਸ ਨਾਲ ਮਾੜਾ ਵਤੀਰਾ ਕੀਤਾ ਗਿਆ ਸੀ ਤੇ ਉਸ ਨੂੰ ਧਨ ਦੇਣ ਲਈ ਮਜਬੂਰ ਕੀਤਾ ਸੀ। ਰਾਣੀ ਨੇ ਕਾਨੂੰਨ-ਵਿਵਸਥਾ ਬਣਾਈ ਰੱਖਣ ਲਈ ਅੰਗਰੇਜ਼ਾਂ ਦੀ ਮਦਦ ਮੰਗੀ ਸੀ। ਉਸ ਦੀ ਬੇਗੁਨਾਹੀ ਦਾ ਭਰੋਸਾ ਕਰਕੇ ਸੌਗੋਰ ਡਿਵੀਜ਼ਨ ਦੇ ਕਮਿਸ਼ਨਰ ਨੇ ਉਸ ਨੂੰ ਉਦੋਂ ਤੱਕ ਝਾਂਸੀ ਦਾ ਰਾਜ ਚਲਾਉਣ ਲਈ ਨਾਮਜ਼ਦ ਕੀਤਾ ਸੀ ਜਦੋਂ ਤੱਕ ਅੰਗਰੇਜ਼ ਆਪਣਾ ਪ੍ਰਸ਼ਾਸਨ ਮੁੜ ਸਥਾਪਤ ਨਹੀਂ ਕਰ ਲੈਂਦੇ। ਜਦੋਂ ਅੰਗਰੇਜ਼ਾਂ ਨੇ ਆਪਣਾ ਵਤੀਰਾ ਬਦਲ ਲਿਆ ਅਤੇ ਬਗ਼ਾਵਤ ਵਿਚ ਉਸ ਦੀ ਭੂਮਿਕਾ ਬਾਰੇ ਸ਼ੱਕ ਕਰਨ ਲੱਗ ਗਏ ਤਾਂ ਉਸ ਨੇ ਅਧਿਕਾਰੀਆਂ ਨੂੰ ਆਪਣੇ ਬੇਕਸੂਰ ਹੋਣ ਅਤੇ ਅੰਗਰੇਜ਼ਾਂ ਪ੍ਰਤੀ ਆਪਣੀ ਵਫ਼ਾਦਾਰੀ ਦੀਆਂ ਭਾਵਨਾਤਮਕ ਅਪੀਲਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ। ਜੇ ਉਹ ਅੰਗਰੇਜ਼ਾਂ ਦਾ ਸ਼ੱਕ ਦੂਰ ਕਰਨ ਵਿਚ ਕਾਮਯਾਬ ਹੋ ਜਾਂਦੀ ਤਾਂ ਉਸ ਨੇ ਉਨ੍ਹਾਂ ਦੇ ਪੱਖ ਵਿਚ ਚਲੇ ਜਾਣਾ ਸੀ। ਪਰ ਅਖ਼ੀਰ ਜਦੋਂ ਉਸ ਨੂੰ ਪਤਾ ਲੱਗਿਆ ਕਿ ਝਾਂਸੀ ਵਿਚ ਹੋਈ ਬਗ਼ਾਵਤ ਅਤੇ ਕਤਲੇਆਮ ਲਈ ਅੰਗਰੇਜ਼ਾਂ ਨੇ ਉਸ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਤਾਂ ਉਸ ਨੇ ਲੜਨ ਨੂੰ ਤਰਜੀਹ ਦਿੱਤੀ। ਉਸ ਦੇ ਹੱਕ ਅਤੇ ਸ਼ਾਨ ਵਿਚ ਇਹ ਗੱਲ ਕਹੀ ਜਾ ਸਕਦੀ ਹੈ ਕਿ ਉਹ ਰਣਭੂਮੀ ਵਿਚ ਨਾਇਕਤਵ ਨਾਲ ਮੌਤ ਦੇ ਮੂੰਹ ਵਿਚ ਗਈ। {ਆਰ. ਸੀ. ਐਮ., 155}

**ਭਗੌੜਾ ਤਾਂਤਿਆ ਟੋਪੇ**

ਤਾਂਤਿਆ ਟੋਪੇ ਨਾ ਤਾਂ ਬਾਗ਼ੀਆਂ ਦਾ ਜਥੇਦਾਰ ਸੀ ਅਤੇ ਨਾ ਹੀ ਆਗੂ, ਉਹ ਤਾਂ ਬਸ ਨਾਨਾ ਸਾਹਿਬ ਦਾ ਅਨੁਯਾਈ ਸੀ, ਜਿਸ ਨਾਲ ਉਹ ਸਮਰਪਿਤ ਭਾਵਨਾ ਨਾਲ ਜੁੜਿਆ ਹੋਇਆ ਸੀ। ਪਰ ਕਿਸਮਤ ਨੇ ਉਸ ਦਾ ਸਾਥ ਨਹੀਂ ਦਿੱਤਾ। ਉਸ ਨੂੰ ਥਾਂ-ਥਾਂ ਭਟਕਣਾ ਪਿਆ। ਨਰਬਦਾ ਦੇ ਪਾਰ ਇਕ ਵੀ ਅਜਿਹਾ ਪਿੰਡ ਨਹੀਂ ਮਿਲਿਆ ਜਿਹੜਾ ਉਸ ਨੂੰ ਆਸਰਾ ਦਿੰਦਾ। ਅਖੀਰ, ਉਸ ਨੂੰ ਜੰਗਲਾਂ ਵਿਚ ਸ਼ਰਨ ਲੈਣੀ ਪਈ ਜਿੱਥੋਂ ਉਸ ਦੇ ਕਥਿਤ ਬਾਗ਼ੀ ਦੋਸਤ ਸਿੰਧਿਆ ਦੇ ਸਾਮੰਤ ਨਰਵਾਰ ਦੇ ਰਾਜਾ ਮਾਨ ਸਿੰਘ ਨੇ ਧੋਖੇ ਨਾਲ ਉਸ ਨੂੰ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤਾ।

**ਹਿੰਦੂ-ਮੁਸਲਮਾਨ ਵਿਵਾਦ**

ਬਗ਼ਾਵਤ ਚਾਣਚੱਕ ਸ਼ੁਰੂ ਹੋਈ ਸੀ। ਕਿਸੇ ਨੂੰ ਅੰਦਾਜ਼ਾ ਨਹੀਂ ਸੀ ਕਿ ਇਹ ਕਿਸ ਪਾਸੇ ਵੱਲ ਜਾਵੇਗੀ। ਹਿੰਦੂਆਂ ਅਤੇ ਮੁਸਲਮਾਨਾਂ ਵਿਚ ਕੋਈ ਆਪਸੀ ਤਾਲਮੇਲ ਨਹੀਂ ਸੀ। ਰੌਲੇ ਅਤੇ ਭੰਬਲਭੂਸੇ ਦੇ ਮਾਹੌਲ ਵਿਚ ਮੇਰਠ ਦੇ ਸਿਪਾਹੀ ਦਿੱਲੀ ਪਹੁੰਚ ਗਏ। ਕਈ ਮੁਸਲਮਾਨਾਂ ਨਾਲ ਅੱਤਿਆਚਾਰ ਹੋਇਆ, ਉਨ੍ਹਾਂ ਦੇ ਘਰ ਲੁੱਟ ਲਏ ਗਏ ਅਤੇ ਕਈ ਥਾਵਾਂ 'ਤੇ ਮੁਸਲਮਾਨਾਂ ਵੱਲੋਂ ਹਿੰਦੂ ਦੇ ਖ਼ਿਲਾਫ਼ ਜਿਹਾਦ ਦਾ ਐਲਾਨ ਕੀਤਾ ਗਿਆ। ਕੁਝ ਚਲਾਕ ਤਿਕੜਮਬਾਜ਼ ਬਗ਼ਾਵਤ ਨੂੰ ਇਸਲਾਮੀ ਰਾਜ ਪੁਨਰ-ਸਥਾਪਿਤ ਕਰਨ ਦੇ ਮੌਕੇ ਵਜੋਂ ਦੇਖਣ ਲੱਗੇ। ਉਨ੍ਹਾਂ ਨੇ ਧਰਮ ਦੀ ਢਾਲ ਦੀ ਵਰਤੋਂ ਹਿੰਦੂ-ਵਿਰੋਧੀ ਸਰਗਰਮੀਆਂ ਲਈ ਕੀਤੀ। ਪਵਿੱਤਰ ਜੰਗ ਦਾ ਹਰਾ ਝੰਡਾ

ਦਿੱਲੀ ਵਿਚ ਬਾਰ-ਬਾਰ ਦਿਖਾਇਆ ਗਿਆ। ਬਰੇਲੀ, ਬਿਜਨੌਰ, ਮੁਰਾਦਾਬਾਦ ਅਤੇ ਹੋਰ ਕਈ ਥਾਵਾਂ 'ਤੇ ਇਹ ਝੰਡਾ ਲਹਿਰਾਇਆ ਗਿਆ ਜਿੱਥੇ ਹਿੰਦੂਆਂ ਦੀ ਲੁੱਟ ਤੇ ਕਤਲੇਆਮ ਹੋਇਆ। ਇਸ ਨੇ ਹਿੰਦੂਆਂ ਤੇ ਮੁਸਲਮਾਨਾਂ ਦੀਆਂ ਭਾਵਨਾਵਾਂ ਵਲੂੰਧਰ ਦਿੱਤੀਆਂ। ਪੀੜਿਤ ਹੋਣ ਕਰਕੇ ਕਈ ਥਾਵਾਂ 'ਤੇ ਹਿੰਦੂਆਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ, ਆਪਣੀ ਜਾਨ ਤੇ ਮਾਲ ਦੀ ਰਾਖੀ ਕੀਤੀ ਅਤੇ ਉਨ੍ਹਾਂ ਦੀ ਜਿੱਤ ਲਈ ਅਰਦਾਸ ਕੀਤੀ। ਡਾ. ਸੇਨ ਆਖਦੇ ਹਨ, "ਇਹ ਆਮ ਧਾਰਨਾ ਸੀ ਕਿ ਹਿੰਦੂ ਭਾਈਚਾਰੇ ਦੇ ਤੌਰ 'ਤੇ ਅੰਗਰੇਜ਼ਾਂ ਦੇ ਪੱਖ ਵਿਚ ਸਨ ਅਤੇ ਮੁਸਲਮਾਨ ਭਾਈਚਾਰੇ ਦੇ ਤੌਰ 'ਤੇ ਅੰਗਰੇਜ਼ਾਂ ਦੇ ਵਿਰੋਧ ਵਿਚ ਸਨ ਕਿ ਹਿੰਦੂਆਂ ਨੂੰ ਕਿਸੇ ਵੀ ਤਰ੍ਹਾਂ ਦੀ ਸਜ਼ਾ ਤੋਂ ਦੂਰ ਰੱਖਿਆ ਜਾਵੇ। ਵਪਾਰੀ ਵਰਗ ਦੇ ਕੁਝ ਹਿੰਦੂਆਂ ਨੂੰ ਵਾਪਸ {ਦਿੱਲੀ ਸ਼ਹਿਰ} ਜਾਣ ਦਿੱਤਾ ਗਿਆ... ਆਖ਼ਰਕਾਰ ਇਹ ਮਹਿਸੂਸ ਕੀਤਾ ਗਿਆ ਕਿ ਅੰਗਰੇਜ਼ਾਂ ਪ੍ਰਤੀ ਅਸੰਤੁਸ਼ਟੀ ਕਿਸੇ ਇਕ ਭਾਈਚਾਰੇ ਦੀ ਨਹੀਂ ਸੀ ਅਤੇ ਦੋਵਾਂ ਵਿਚ ਹੀ ਕੁਝ ਅਪਵਾਦ ਵੀ ਮੌਜੂਦ ਸਨ... ਇਸ ਲਈ ਇਹ ਫ਼ੈਸਲਾ ਕੀਤਾ ਗਿਆ ਕਿ ਹਰੇਕ ਬਾਸ਼ਿੰਦਾ ਜਿਹੜਾ ਵਾਪਸ ਆਉਣਾ ਚਾਹੁੰਦਾ ਸੀ, ਉਹ ਜੁਰਮਾਨਾ ਦੇਵੇਗਾ, ਪਰ ਫ਼ਿਰਕੇ ਦੇ ਆਧਾਰ 'ਤੇ ਜੁਰਮਾਨੇ ਦੀ ਰਕਮ ਵਿਚ ਫ਼ਰਕ ਹੋਵੇਗਾ। ਮੁਸਲਮਾਨ ਨੂੰ ਜਿੱਥੇ ਆਪਣੀ ਜਾਇਦਾਦ ਦੀ ਕੀਮਤ ਦਾ 25 ਫ਼ੀਸਦੀ ਜੁਰਮਾਨਾ ਦੇਣਾ ਪਵੇਗਾ, ਉਥੇ ਹਿੰਦੂ ਨੂੰ 15 ਫ਼ੀਸਦੀ ਜੁਰਮਾਨਾ ਘੱਟ ਦੇਣਾ ਹੋਵੇਗਾ।"

### ਬਾਗ਼ੀਆਂ ਦੇ ਧੜੇ

ਬਗ਼ਾਵਤ ਦੇ ਦਸਤਾਵੇਜ਼ਾਂ ਦਾ ਡੂੰਘਾਈ ਨਾਲ ਅਧਿਐਨ ਕਰਨ 'ਤੇ 'ਸਭ ਆਪਣੇ ਲਈ ਤੇ ਦੇਸ਼ ਲਈ ਕੋਈ ਨਹੀਂ' ਦੀ ਅਫ਼ਸੋਸਨਾਕ ਕਹਾਣੀ ਸਾਹਮਣੇ ਆਉਂਦੀ ਹੈ। ਇਕ ਪਾਸੇ ਬਗ਼ਾਵਤ ਦਾ ਐਲਾਨਿਆ ਗਿਆ ਆਗੂ ਮੁਗ਼ਲ ਬਾਦਸ਼ਾਹ, ਉਸ ਦੀ ਮਹਾਰਾਣੀ ਤੇ ਸ਼ਹਿਜ਼ਾਦੇ ਅਤੇ ਦੂਜੇ ਪਾਸੇ ਬਗ਼ਾਵਤ ਦੇ ਬਾਕੀ ਆਗੂ ਆਪੋ-ਆਪਣੇ ਰਾਹ ਤੁਰਦੇ ਰਹੇ। ਸਾਰੇ ਹੀ ਆਪੋ-ਆਪਣੇ ਫ਼ਾਇਦਿਆਂ ਤੇ ਮਨੋਰਥਾਂ ਦੀ ਪੂਰਤੀ ਲਈ ਦੋਹਰੀ ਖੇਡ ਖੇਡਦੇ ਰਹੇ। ਅਵਧ ਦੇ ਸਿਪਾਹੀਆਂ ਨੇ ਆਪਣੇ ਰਾਜੇ ਨੂੰ ਮੁੜ ਤਖ਼ਤ 'ਤੇ ਬਿਠਾਉਣ ਲਈ ਜੰਗ ਲੜੀ। ਨਾਨਾ ਸਾਹਿਬ ਤੇ ਝਾਂਸੀ ਦੀ ਰਾਣੀ ਆਪਣੇ ਦਾਅਵਿਆਂ 'ਤੇ ਜ਼ੋਰ ਦਿੰਦੇ ਰਹੇ। ਕਈ ਛੋਟੇ-ਮੋਟੇ ਤਿਕੜਮਬਾਜ਼ ਕਿਸੇ ਦੇਸ਼-ਭਗਤੀ ਦੀ ਭਾਵਨਾ ਨਾਲ ਨਹੀਂ, ਬਲਕਿ ਬਗ਼ਾਵਤ ਰਾਹੀਂ ਪੈਦੇ ਹੋਏ ਮੌਕਿਆਂ ਦਾ ਫ਼ਾਇਦਾ ਚੁੱਕਣ ਲਈ ਉੱਗ ਆਏ। ਹਾਫ਼ਿਜ਼ ਰਹਿਮਤ ਖ਼ਾਨ ਦਾ ਪੋਤਾ ਖ਼ਾਨ ਬਹਾਦਰ ਖ਼ਾਨ ਆਪਣੇ ਆਪ ਹੀ ਰੋਹੇਲਖੰਡ ਦਾ ਵਾਇਸਰਾਏ ਜਾਂ ਨਾਇਬ ਨਾਜ਼ਿਮ ਬਣ ਕੇ ਬਹਿ ਗਿਆ। ਸਹਾਰਨਪੁਰ ਦੇ ਬਨਜਾਰਿਆ ਨੇ ਆਪਣਾ ਰਾਜਾ ਆਪੇ ਥਾਪ ਲਿਆ। ਗੁੱਜਰਾਂ ਨੇ ਵੱਖ-ਵੱਖ ਇਲਾਕਿਆਂ ਵਿਚ ਵੱਖੋ-ਵੱਖਰੇ ਰਾਜੇ ਬਣਾ ਲਏ। ਫਤੂਏ ਨੂੰ ਗੁੱਜਰਾਂ ਦਾ ਰਾਜਾ ਐਲਾਨ ਦਿੱਤਾ ਗਿਆ। ਦੇਵੀ ਸਿੰਘ ਨਾਮ ਦੇ ਇਕ ਵਿਅਕਤੀ ਨੇ ਆਪਣੇ ਆਪ ਨੂੰ ਮਥੁਰਾ ਜ਼ਿਲ੍ਹੇ ਦੇ ਚੌਦਾਂ ਪਿੰਡਾਂ ਦਾ ਰਾਜਾ ਐਲਾਨ ਦਿੱਤਾ। ਇਸੇ ਤਰ੍ਹਾਂ ਡਾਕੂ ਮਹਿਮਾਜੀ ਵਾਦੀ ਅਤੇ ਮਰਾਠਾ ਬ੍ਰਾਹਮਣ ਬੇਲਸਾਰ ਆਪੋ-ਆਪਣੀ ਕਿਸਮਤ ਚਮਕਾਉਣ ਲਈ ਬਾਗ਼ੀਆਂ ਵੱਲ ਖਿੱਚੇ ਗਏ।

### ਬਾਗ਼ੀ ਅਸਲ ਵਿਚ ਰਾਸ਼ਟਰ-ਵਿਰੋਧੀ

ਬਗ਼ਾਵਤ ਦੇ ਕਥਿਤ ਆਗੂ ਅਤੇ ਪਿਛਲੇ ਸੌ ਸਾਲਾਂ ਦੌਰਾਨ ਵੱਖ-ਵੱਖ ਭਾਰਤੀ ਸੁਤੰਤਰ ਰਿਆਸਤਾਂ ਦੀ ਆਜ਼ਾਦੀ ਤਬਾਹ ਕਰਨ ਵਿਚ ਭੂਮਿਕਾ ਨਿਭਾਉਣ ਵਾਲੇ ਪੂਰਬੀਏ ਸਿਪਾਹੀ ਭਾਰਤੀ ਰਾਸ਼ਟਰਵਾਦ ਅਤੇ ਦੇਸ਼ ਦੀ ਆਜ਼ਾਦੀ ਲਈ ਲੜਨ ਦੇ ਵਿਚਾਰ ਤੋਂ ਪੂਰੀ ਤਰ੍ਹਾਂ ਅਣਜਾਣ ਸਨ। ਮਰਾਠੇ, ਮੈਸੂਰੀ, ਮਾਲਾਬਾਰੀ, ਰਾਜਪੂਤ, ਗੋਰਖੇ, ਪਠਾਨ, ਸਿੱਖ ਅਤੇ ਆਸਾਮੀ ਉਨ੍ਹਾਂ ਦੀ ਮਦਦ ਨਾਲ ਮਿੱਟੀ ਵਿਚ ਮਿਲਾ ਦਿੱਤੇ ਗਏ ਸਨ। ਇਨ੍ਹਾਂ ਸਭ ਦੇ ਹੱਕ ਵਿਚ ਤਾਂ ਕੀ ਪੂਰਬੀਆਂ ਨੇ ਇਨ੍ਹਾਂ 'ਤੇ ਹੋਏ ਤਸ਼ੱਦਦ ਦੇ ਵਿਰੋਧ ਵਿਚ ਕਦੇ ਚੀਚੀ ਤੱਕ ਨਹੀਂ ਚੁੱਕੀ। ਇਹ ਗ਼ੈਰ-ਪੂਰਬੀਆਂ ਨੂੰ ਆਪਣੇ ਵੱਲ ਖਿੱਚਣ ਦਾ ਕੋਈ ਬਹੁਤਾ ਭਰੋਸੇਯੋਗ ਰਿਕਾਰਡ ਨਹੀਂ ਸੀ।

ਪੰਜਾਬ ਦੇ ਲੋਕਾਂ ਨੇ ਹਾਲ ਹੀ ਵਿਚ ਪੂਰਬੀਆਂ ਹੱਥੋਂ ਸਭ ਤੋਂ ਬੁਰੇ ਤਸੀਹੇ ਝੱਲੇ ਸਨ। ਸਾਲ 1845-46 ਅਤੇ ਸਾਲ 1848-49 ਵਿਚ ਅੰਗਰੇਜ਼ਾਂ ਦੇ ਅਧੀਨ ਪੂਰਬੀਏ ਸਿਪਾਹੀ ਉਨ੍ਹਾਂ ਖ਼ਿਲਾਫ਼ ਲੜੇ ਸਨ। ਇਹ ਪੂਰਬੀਏ ਫ਼ੌਜੀਆਂ ਦੀ ਚੰਗੀ ਕਿਸਮਤ ਸੀ ਕਿ ਤੇਜ਼ ਸਿੰਘ ਅਤੇ ਲਾਲ ਸਿੰਘ, ਕਮਾਂਡਰ-ਇਨ-ਚੀਫ਼ ਅਤੇ ਪੰਜਾਬ ਦੇ ਪ੍ਰਧਾਨ ਮੰਤਰੀ ਨੇ ਅੰਗਰੇਜ਼ਾਂ ਨਾਲ ਗੁਪਤ ਸਮਝੌਤਾ ਕਰਕੇ ਪਹਿਲੀ ਐਂਗਲੋ-ਸਿੱਖ ਜੰਗ ਵਿਚ ਸਿੱਖਾਂ ਨੂੰ ਧੋਖਾ ਦਿੱਤਾ। ਇਕ ਵਾਰ ਫੇਰ ਕਾਫ਼ੀ ਹੱਦ ਤੱਕ ਪੂਰਬੀਆ ਰਜਮੈਂਟ ਅਤੇ ਆਮ ਪੂਰਬੀਏ ਅਧਿਕਾਰੀਆਂ ਦੀ ਮਦਦ ਨਾਲ ਸੰਨ 1857 ਵਿਚ ਜਦੋਂ ਬਗ਼ਾਵਤ ਹੋਈ ਤਾਂ ਪੰਜਾਬ ਅੰਗਰੇਜ਼ਾਂ ਦੇ ਅਧੀਨ ਆ ਗਿਆ।

### ਭਾਰਤੀ ਆਜ਼ਾਦੀ ਦੇ ਆਖ਼ਰੀ ਰੱਖਿਅਕ ਸਿੱਖ

ਡਾ. ਮਜੂਮਦਾਰ ਕਹਿੰਦੇ ਹਨ ਸਿੱਖ, 'ਭਾਰਤ ਦੀ ਆਜ਼ਾਦੀ ਦੇ ਆਖ਼ਰੀ ਰੱਖਿਅਕ ਸਨ'। ਪਰ 'ਸਿਪਾਹੀ {ਪੂਰਬੀਏ}... ਸਿੱਖਾਂ ਨਾਲ ਲੜਨ ਵੇਲੇ ਭੋਰਾ ਵੀ ਨਹੀਂ ਝਿਜਕੇ ਸਨ'। 'ਸਾਡੇ ਕੋਲ ਇਸ ਦਾ ਇਕ ਵੀ ਸਬੂਤ ਨਹੀਂ ਹੈ ਜੋ ਇਹ ਦਰਸਾਵੇ ਕਿ ਨਾਨਾ ਸਾਹਿਬ ਅਤੇ ਹੋਰ ਭਾਰਤੀ ਆਗੂਆਂ ਨੇ ਸਿੱਖਾਂ ਦੇ ਸਹਿਯੋਗ ਲਈ ਆਪਣੀ ਚੀਚੀ ਵੀ ਚੁੱਕੀ ਹੋਵੇ'। 'ਨਤੀਜੇ ਤੱਕ ਪਹੁੰਚਣ ਤੋਂ ਰੁਕਿਆ ਨਹੀਂ ਜਾ ਸਕਦਾ', ਉਹ ਅੱਗੇ ਦੱਸਦੇ ਹਨ, 'ਸਾਲ 1849 ਵਿਚ ਸਿਪਾਹੀਆਂ ਦਾ ਵਤੀਰਾ ਅਤੇ ਸਰਗਰਮੀਆਂ ਲਾਜ਼ਮੀ ਤੌਰ 'ਤੇ ਸਾਲ 1857 ਵਿਚ ਉਨ੍ਹਾਂ ਦੇ ਸਿਰ ਸਜਾਈ ਗਈ ਦੇਸ਼-ਭਗਤੀ ਦੀ ਭਾਵਨਾ ਨਾਲ ਮੇਲ ਨਹੀਂ ਸਨ ਖਾਂਦੇ'।

{ਆਰ. ਸੀ. ਐਮ., 233-34}

### ਬਾਗ਼ੀਆਂ ਦਾ ਵਤੀਰਾ

ਹੋਰ ਤਾਂ ਹੋਰ, ਬਾਗ਼ੀਆਂ ਅਤੇ ਉਨ੍ਹਾਂ ਦੇ ਮੇਰਠ, ਦਿੱਲੀ ਅਤੇ ਹੋਰ ਥਾਵਾਂ ਦੇ ਆਗੂਆਂ ਦਾ ਵਤੀਰਾ ਇਸ ਤਰ੍ਹਾਂ ਦਾ ਨਹੀਂ ਸੀ ਕਿ ਦੂਜਿਆਂ ਨੂੰ ਇਸ ਬਗ਼ਾਵਤ ਦਾ ਪ੍ਰਭਾਵ ਜਾਂਦਾ ਕਿ ਇਹ ਕੋਈ ਕੌਮੀ ਜਾਂ ਸਾਂਝੇ ਮਨੋਰਥਾਂ ਹਿੱਤ ਵਡੇਰੇ ਪੱਧਰ 'ਤੇ ਦੇਸ਼ ਦੇ ਲੋਕਾਂ ਦੀ ਭਲਾਈ ਲਈ ਸੀ। ਭਾਰਤੀ ਇਸਾਈਆਂ, ਨਿਰਦੋਸ਼ ਅੰਗਰੇਜ਼ਾਂ, ਉਨ੍ਹਾਂ ਦੀਆਂ ਮਾਸੂਮ ਔਰਤਾਂ ਤੇ ਬੱਚਿਆਂ ਦਾ ਧਰਮ ਆਧਾਰਿਤ ਅਤੇ ਵੱਖਵਾਦੀ ਕਤਲੇਆਮ ਬੇਹੱਦ ਭੈੜੀ ਕਿਸਮ ਦੀ ਖ਼ੂਨ ਦੀ ਪਿਆਸ ਸੀ, ਜਿਸ ਨੇ ਪੂਰੇ ਦੇਸ਼ ਵਿਚ ਬਾਗ਼ੀਆਂ ਖ਼ਿਲਾਫ਼ ਦਹਿਸ਼ਤ ਤੇ ਨਫ਼ਰਤ ਦੀ ਲਹਿਰ ਭਰ ਦਿੱਤੀ। ਇਸ ਖ਼ੂਨੀ ਪਿਆਸ ਨੇ ਉਨ੍ਹਾਂ ਦੇ ਸੰਭਾਵਿਤ ਦੋਸਤਾਂ ਦੀ ਹਮਦਰਦੀ ਉਨ੍ਹਾਂ ਤੋਂ ਦੂਰ ਕਰ ਦਿੱਤੀ। ਜਦੋਂ ਬਹਾਦਰ ਸ਼ਾਹ ਨੇ ਭਾਰਤੀ ਰਾਜਿਆਂ ਨੂੰ ਬਾਗ਼ੀਆਂ ਵੱਲੋਂ ਖ਼ਤ ਲਿਖੇ ਤਾਂ ਕਿਸੇ ਨੇ ਵੀ ਉਸ ਦੇ ਖ਼ਤਾਂ ਨੂੰ ਗੰਭੀਰਤਾ ਨਾਲ ਨਾ ਲਿਆ। ਉਨ੍ਹਾਂ ਵਿਚੋਂ ਕੁਝ ਨੇ ਤਾਂ ਬੜੀ ਦ੍ਰਿੜ੍ਹਤਾ ਨਾਲ ਬੇਅਸੂਲੇ ਬਾਗ਼ੀਆਂ ਨਾਲ ਜੁੜਨ ਤੋਂ ਇਨਕਾਰ ਕਰ ਦਿੱਤਾ।

### ਭਾਰਤੀ ਫ਼ੌਜ ਦੂਰ ਰਹੀ

ਭਾਵੇਂ ਇਸ ਮੁਹਿੰਮ ਦੀ ਸ਼ੁਰੂਆਤ ਬੰਗਾਲ ਫ਼ੌਜ ਦੀ ਫ਼ੌਜੀ ਬਗ਼ਾਵਤ ਵਜੋਂ ਸ਼ੁਰੂ ਹੋਈ ਸੀ, ਪਰ ਪੂਰੀ ਫ਼ੌਜ ਹੀ ਸਮੁੱਚੇ ਰੂਪ ਵਿਚ ਇਸ ਵਿਚ ਸ਼ਾਮਲ ਨਹੀਂ ਸੀ ਹੋਈ ਬਲਕਿ ਫ਼ੌਜ ਦਾ ਵੱਡਾ ਹਿੱਸਾ ਇਸ ਬਗ਼ਾਵਤ ਨੂੰ ਦਬਾਉਣ ਲਈ ਅੰਗਰੇਜ਼ਾਂ ਦੇ ਵੱਲੋਂ ਲੜਿਆ। ਮਦਰਾਸ ਤੇ ਬੰਬਈ ਦੀਆਂ ਫ਼ੌਜਾਂ ਨੇ ਇਸ ਵਿਚ ਹਿੱਸਾ ਹੀ ਨਹੀਂ ਲਿਆ। ਇਸ ਤਰ੍ਹਾਂ ਇਸ ਬਗ਼ਾਵਤ ਨੂੰ ਸਮੁੱਚੀ ਭਾਰਤੀ ਫ਼ੌਜ ਦੀ ਬਗ਼ਾਵਤ ਨਹੀਂ ਕਿਹਾ ਜਾ ਸਕਦਾ।

### ਇਤਿਹਾਸਕ ਵਿਆਖਿਆ ਵਿਚਲੀ ਕਾਣ

ਪਹਿਲੀ ਗੱਲ ਤਾਂ ਇਹ ਹੈ ਕਿ ਸਿਪਾਹੀਆਂ ਦਾ ਮਨੋਰਥ ਈਸਟ ਇੰਡੀਆ ਕੰਪਨੀ ਦੇ ਨਿਜ਼ਾਮ ਨੂੰ ਉਲਟਾਉਣਾ ਨਹੀਂ ਸੀ, ਦੂਜੀ ਗੱਲ ਮਤਲਬਪ੍ਰਸਤ ਤੇ ਧੋਖੇਬਾਜ਼ ਆਗੂ ਆਪਣੀ ਦੋਹਰੀ ਖੇਡ ਖੇਡਦੇ ਰਹੇ। ਇਸ ਕਰਕੇ ਇਸ ਬਗ਼ਾਵਤ ਨੂੰ ਭਾਰਤੀ ਆਜ਼ਾਦੀ ਦੀ ਜੰਗ ਕਹਿਣਾ ਇਤਿਹਾਸ ਦੀ ਜ਼ਾਲਮਾਨਾ ਪੱਧਰ 'ਤੇ ਗ਼ਲਤ ਵਿਆਖਿਆ ਹੈ। ਇਸ ਦੀ ਅਸਫ਼ਲਤਾ ਦਾ ਇਲਜ਼ਾਮ ਉਨ੍ਹਾਂ ਲੋਕਾਂ ਸਿਰ ਮੜ੍ਹਨਾ ਜਿਹੜੇ ਇਸ ਦਿਸ਼ਾਹੀਣ, ਯੋਜਨਾਹੀਣ ਅਤੇ ਆਗੂਹੀਣ ਬਗ਼ਾਵਤ ਦਾ ਹਿੱਸਾ ਨਹੀਂ ਬਣੇ, ਅਨਿਆਂ ਦੀ ਸਿਖ਼ਰ ਹੋਵੇਗਾ।

ਇਸ ਬਗ਼ਾਵਤ ਵਿਚ ਸ਼ਾਮਲ ਨਾ ਹੋਣ ਵਾਲੇ ਇਕੱਲੇ ਪੰਜਾਬੀ ਨਹੀਂ ਸਨ। ਉਨ੍ਹਾਂ ਦੇ ਇਸ ਵਿਚ ਸ਼ਾਮਲ ਨਾ ਹੋ ਸਕਣ ਦੇ ਕਾਰਨ ਥੋੜ੍ਹੇ ਜਿਹੇ ਵਿਸਤਾਰ ਨਾਲ ਉੱਪਰ ਦੱਸੇ ਗਏ ਹਨ। ਬੰਗਾਲੀਆਂ, ਮਰਾਠੀਆਂ, ਮਦਰਾਸੀਆਂ ਅਤੇ ਮਲਾਬਾਰੀਆਂ ਅੰਦਰ ਵੀ ਭਾਰਤ ਦੀ ਆਜ਼ਾਦੀ ਲਈ ਪਿਆਰ ਦੇਸ਼ ਦੇ ਹੋਰ ਲੋਕਾਂ ਨਾਲੋਂ ਕਿਸੇ ਵੀ ਰੂਪ ਵਿਚ ਘਟ ਨਹੀਂ ਸੀ। ਰਾਜਪੂਤ, ਜੱਟ, ਡੋਗਰੇ ਅਤੇ ਗੜ੍ਹਵਾਲੀ ਪੂਰੀ ਸੂਝ-ਬੂਝ ਨਾਲ ਇਸ ਬਗ਼ਾਵਤ ਤੋਂ ਦੂਰ ਰਹੇ। ਜਦ ਕਿ ਬੰਗਾਲ ਤੇ ਮਦਰਾਸ ਦੇ ਪੜ੍ਹੇ-ਲਿਖੇ ਤਬਕਿਆਂ ਨੇ ਬਗ਼ਾਵਤ ਦੀ ਖੁੱਲ੍ਹੇ ਤੌਰ 'ਤੇ ਨਖੇਧੀ ਕਰਦਿਆਂ ਬਾਗ਼ੀਆਂ ਤੇ ਬਗ਼ਾਵਤ ਨੂੰ ਮੂਲੋਂ ਨਕਾਰ ਦਿੱਤਾ। {ਐਸ. ਐਨ. ਐਸ., 407-08}

ਸਿੱਖਾਂ ਵੱਲੋਂ ਬਾਗ਼ੀਆਂ ਦੇ ਸਹਿਯੋਗ ਨਾਲ ਕੋਈ ਫ਼ਰਕ ਨਹੀਂ ਪੈਣਾ ਸੀ ਨਾ ਹੀ ਇਸ ਨਾਲ ਉਨ੍ਹਾਂ ਦੀ ਸਫ਼ਲਤਾ ਵਿਚ ਕੋਈ ਯੋਗਦਾਨ ਪੈਣਾ ਸੀ। ਪੰਜਾਬੀ ਮੁਸਲਮਾਨ, ਬਹਾਵਲਪੁਰੀ ਦਾਊਦ ਪੋਤਰੇ, ਬਲੋਚੀ ਅਤੇ ਫਰੰਟੀਅਰ ਵਾਲੇ ਪਠਾਣ ਪੂਰੀ ਤਰ੍ਹਾਂ ਬਾਗ਼ੀਆਂ ਦੇ ਖ਼ਿਲਾਫ਼ ਸਨ।

ਈਸਟ ਇੰਡੀਆ ਕੰਪਨੀ ਦੀ ਹਕੂਮਤ ਦੀ ਤਾਕਤ ਬਹੁਤ ਹੱਦ ਤੱਕ ਇੰਗਲੈਂਡ ਦੀ ਸਮੁੰਦਰੀ ਫ਼ੌਜ ਦੀ ਤਾਕਤ 'ਤੇ ਨਿਰਭਰ ਸੀ। ਪੰਜਾਬ ਦੇ ਬਗ਼ਾਵਤ ਵਿਚ ਸ਼ਾਮਲ ਹੋਣ ਨਾਲ ਪੱਛਮ ਵੱਲੋਂ ਉਨ੍ਹਾਂ ਦੀ ਹੋਰ ਫ਼ੌਜ ਆਉਣ ਵਿਚ ਕੋਈ ਰੁਕਾਵਟ ਨਹੀਂ ਸੀ ਪੈਣੀ। ਪੰਜਾਬ ਵਿਚ ਕੁਝ ਹੋਰ ਅੰਗਰੇਜ਼ਾਂ ਦੇ ਕਤਲ ਨਾਲ ਜਾਂ ਸੂਬੇ ਵਿਚ ਅੰਗਰੇਜ਼ਾਂ ਦੀ ਫ਼ੌਜ ਦੀ ਹਾਰ ਨਾਲ ਭਾਰਤ ਵਿਚੋਂ ਕੰਪਨੀ ਰਾਜ ਨਾ ਤਾਂ ਖ਼ਤਮ ਹੋਣਾ ਸੀ ਅਤੇ ਨਾ ਹੀ ਇਸ ਨੇ ਅੰਗਰੇਜ਼ਾਂ ਦੀ ਪੰਜਾਲੀ ਤੋਂ ਆਜ਼ਾਦ ਹੋਣਾ ਸੀ।

**ਪ੍ਰਮੁੱਖ ਇਤਿਹਾਸਕਾਰਾਂ ਦੇ ਬਿਆਨ**

ਸਰ ਜਾਦੂਨਾਥ ਸਰਕਾਰ ਕਹਿੰਦੇ ਹਨ, 'ਸਿਪਾਹੀਆਂ ਦੀ ਬਗ਼ਾਵਤ ਆਜ਼ਾਦੀ ਦੀ ਲੜਾਈ ਨਹੀਂ ਸੀ। ਇਹ ਸਿਆਸੀ ਖ਼ੁਦਮੁਖ਼ਤਿਆਰੀ ਲਈ ਲੋਕਾਂ ਦੇ ਖੜ੍ਹੇ ਹੋਣ ਦੀ ਘਟਨਾ ਵੀ ਨਹੀਂ ਸੀ, ਬਲਕਿ ਕਾਰਤੂਸਾਂ ਦੇ ਕਾਗਜ਼ੀ ਪਾਰਸਲ ਨੂੰ ਥਿੰਦਾ ਰੱਖਣ ਲਈ ਵਰਤੀ ਗਈ ਸੂਰ ਤੇ ਗਾਂ ਦੀ ਚਰਬੀ ਨਾਲ ਉਨ੍ਹਾਂ ਦੇ ਸ਼ਰੀਰਾਂ ਨੂੰ ਅਸ਼ੁੱਧ ਕਰਕੇ ਮੱਕਾਰੀ ਨਾਲ ਉਨ੍ਹਾਂ ਦੇ ਧਰਮ ਭ੍ਰਿਸ਼ਟ ਕੀਤੇ ਜਾਣ ਤੋਂ ਰੋਕਣ ਦੀ (ਕੇਵਲ ਉੱਤਰੀ ਭਾਰਤ ਦੀ ਫ਼ੌਜ ਦੇ) ਸੁਆਰਥੀ ਫ਼ੌਜੀਆਂ ਵੱਲੋਂ ਕੀਤੀ ਗਈ ਸਾਜਿਸ਼ ਸੀ...

ਗੱਦੀਆਂ ਗੁਆ ਚੁੱਕੇ ਕੁਝ ਗਿਣਤੀ ਦੇ ਹਿੰਦੂ ਤੇ ਮੁਸਲਮਾਨ ਰਜਵਾੜਿਆਂ ਨੇ ਸਿਪਾਹੀਆਂ ਦੇ ਜਾਤੀ ਆਧਾਰਤ ਵਾਜਬ ਸ਼ੰਕਿਆਂ ਦੀ ਵਰਤੋਂ ਕੀਤੀ। ਇਨ੍ਹਾਂ ਵੱਲੋਂ ਸਾਧਾਰਨ ਲੋਕਾਂ ਨੂੰ ਆਪਣੀਆਂ ਗੱਦੀਆਂ ਵਾਪਸ ਹਾਸਲ ਕਰਨ ਲਈ ਮੋਹਰਿਆਂ ਵਾਂਗੂੰ ਵਰਤਿਆ ਗਿਆ। ਦਿੱਲੀ ਦੇ ਮੁਗ਼ਲਾਂ ਜਾਂ ਅਵਧ ਦੇ ਨਵਾਬਾਂ ਤੇ ਪੇਸ਼ਵਾ ਦੇ ਆਖ਼ਰੀ ਵਾਰਸਾਂ ਨੂੰ ਕਿਸੇ ਵੀ ਰੂਪ ਵਿਚ ਭਾਰਤੀ ਆਜ਼ਾਦੀ ਦੇ ਯੋਧੇ ਨਹੀਂ ਕਿਹਾ ਜਾ ਸਕਦਾ'।

{ਹਿੰਦੁਸਤਾਨ ਸਟੈਂਡਰਡ, ਸਲਾਨਾ ਪੂਜਾ ਅੰਕ, 1956, ਪੰਨਾ 22}

**ਨੇਕ ਭਾਵਨਾ ਦੀ ਅਣਹੋਂਦ**

ਸੰਨ 1857 ਦੀ ਬਗ਼ਾਵਤ ਸਿੱਖਾਂ ਜਾਂ ਪੰਜਾਬ ਦੇ ਲੋਕਾਂ ਜਾਂ ਕਿਸੇ ਹੋਰ ਰਾਜ ਜਾਂ ਸੂਬੇ ਦੇ ਇਸ ਵਿਚ ਸ਼ਾਮਲ ਨਾ ਹੋਣ ਕਰਕੇ ਅਸਫ਼ਲ ਨਹੀਂ ਹੋਈ, ਬਲਕਿ ਪਿੱਛੇ ਕੋਈ ਨੇਕ ਭਾਵਨਾ, ਮਾਰਗ-ਦਰਸ਼ਨ ਕਰਨ ਵਾਲੀ ਕੋਈ ਯੋਜਨਾ ਤੇ ਇਸ ਦੀ ਨਿਗਰਾਨੀ ਕਰਨ ਵਾਲੇ ਕਿਸੇ ਗੰਭੀਰ ਆਗੂ ਦੇ ਨਾ ਹੋਣ ਕਰਕੇ ਇਹ ਬਗ਼ਾਵਤ ਅਸਫ਼ਲ ਹੋਈ। ਡਾ. ਮਜੂਮਦਾਰ ਮੁਤਾਬਕ, 'ਬਗ਼ਾਵਤ ਦੀ ਅਸਫ਼ਲਤਾ ਦਾ ਕਾਰਨ ਇਸ ਤੱਥ ਨੂੰ ਵੀ ਗਰਦਾਨਿਆ ਜਾ ਸਕਦਾ ਹੈ ਕਿ ਨਾ ਹੀ ਆਗੂ, ਨਾ ਹੀ ਸਿਪਾਹੀ ਅਤੇ ਨਾ ਹੀ ਜਨਤਾ ਕਿਸੇ ਉੱਚ ਵਿਚਾਰ ਤੋਂ ਪ੍ਰੇਰਿਤ ਸਨ। ਜਿਨ੍ਹਾਂ ਬੁਲੰਦ ਦੇਸ਼-ਭਗਤੀ ਤੇ ਰਾਸ਼ਟਰਵਾਦੀ ਭਾਵਨਾਵਾਂ ਦਾ ਸਿਹਰਾ ਉਨ੍ਹਾਂ ਸਿਰ ਬੰਨ੍ਹਿਆ ਜਾਂਦਾ ਹੈ, ਅਸਲ ਵਿਚ ਉਨ੍ਹਾਂ ਦਾ ਕੋਈ ਆਧਾਰ ਹੀ ਨਜ਼ਰ ਨਹੀਂ ਆਉਂਦਾ। ਅਸਲ ਵਿਚ ਤਾਂ ਇਸ ਕਿਸਮ ਦੇ ਵਿਚਾਰਾਂ ਤੋਂ ਭਾਰਤੀ ਸੋਚ ਹਾਲੇ ਅਣਜਾਣ ਹੀ ਸੀ।' ਮੌਲਾਨਾ ਅਬੁਲ ਕਲਾਮ ਆਜ਼ਾਦ ਕਹਿੰਦੇ ਹਨ, 'ਉਪਲਬਧ ਸਬੂਤਾਂ ਦੀ ਰੌਸ਼ਨੀ ਵਿਚ ਅਸੀਂ ਇਹ ਨਤੀਜਾ ਕੱਢਣ ਲਈ ਮਜਬੂਰ ਹੁੰਦੇ ਹਾਂ ਕਿ 1857 ਦੀ ਬਗ਼ਾਵਤ ਨਾ ਹੀ ਸੂਝ-ਬੂਝ ਨਾਲ ਤਿਆਰ ਕੀਤੀ ਗਈ ਕਿਸੇ ਯੋਜਨਾ ਦਾ ਨਤੀਜਾ ਸੀ ਅਤੇ ਨਾ ਹੀ ਇਸ ਦੇ ਪਿੱਛੇ ਕੋਈ ਇਸ ਦਾ ਮਨਸੂਬਾ ਤਿਆਰ ਕਰਨ ਵਾਲੇ ਸਨ' {ਐਸ. ਐਨ. ਐਸ., 10}। ਉਹ ਅੱਗੇ ਲਿਖਦੇ ਹਨ, 'ਜਿਉਂ-ਜਿਉਂ ਮੈਂ 1857 ਦੀਆਂ ਘਟਨਾਵਾਂ ਬਾਰੇ ਪੜ੍ਹਦਾ ਹਾਂ, ਮੈਂ ਇਸ ਨਤੀਜੇ 'ਤੇ ਪਹੁੰਚਣ ਲਈ ਮਜਬੂਰ ਹੁੰਦਾ ਹਾਂ ਕਿ ਭਾਰਤੀ ਕੌਮੀ ਕਿਰਦਾਰ ਕਾਫ਼ੀ ਹੇਠਾਂ ਡਿੱਗ ਚੁੱਕਾ ਸੀ। ਬਗ਼ਾਵਤ ਦੇ ਆਗੂ ਕਦੇ ਵੀ ਆਪਸ ਵਿਚ ਸਹਿਮਤ ਨਹੀਂ ਹੋ ਸਕਦੇ ਸਨ। ਉਹ ਇਕ-ਦੂਜੇ ਤੋਂ ਖਾਰ ਖਾਂਦੇ ਸਨ ਅਤੇ ਲਗਾਤਾਰ ਇਕ-ਦੂਜੇ ਖ਼ਿਲਾਫ਼ ਸਾਜਿਸ਼ਾਂ ਘੜਦੇ ਰਹੇ... ਅਸਲ ਵਿਚ ਇਹ ਸਾੜੇ ਦੀਆਂ ਨਿੱਜੀ ਭਾਵਨਾਵਾਂ ਤੇ ਸਾਜਿਸ਼ਾਂ ਭਾਰਤੀਆਂ ਦੀ ਹਾਰ ਲਈ ਵੱਡੇ ਪੱਧਰ 'ਤੇ ਜ਼ਿੰਮੇਵਾਰ ਸਨ'। {ਉਹੀ, 15}

## ਭਾਗ ਦੂਸਰਾ-ਵਿਵਾਦਗ੍ਰਸਤ ਬਿੰਦੂਆਂ 'ਤੇ ਸਪੱਸ਼ਟਤਾ

ਘਟਨਾਵਾਂ ਤੋਂ ਇਕ ਸਦੀ ਬਾਅਦ ਪੈਦਾ ਹੋਣ ਵਾਲੇ ਲੋਕਾਂ ਦੀਆਂ ਭਾਵਨਾਵਾਂ, ਇਤਿਹਾਸ ਨੂੰ ਤੋੜਨ-ਮਰੋੜਨ, ਇਸ ਵਿਚ ਸਿਆਸਤ ਦਾ ਰਲੇਵਾਂ ਕਰਨ, ਜਿਹੜਾ ਰੂਪ-ਰੰਗ ਇਸ ਦਾ ਹੋਵੇ ਹੀ ਨਾ ਇਸ 'ਤੇ ਉਹ ਰੂਪ-ਰੰਗ ਚਾੜ੍ਹਨ, ਨਾਲ ਇਤਿਹਾਸ ਨੂੰ ਕੋਈ ਫ਼ਰਕ ਨਹੀਂ ਪੈਂਦਾ।

ਮੇਰੇ ਸਿੱਟੇ ਉਨ੍ਹਾਂ ਤੱਥਾਂ 'ਤੇ ਆਧਾਰਿਤ ਹਨ ਜਿਨ੍ਹਾਂ ਦਾ ਹਾਲੇ ਤੱਕ ਕਿਸੇ ਵੱਲੋਂ ਖੰਡਨ ਨਹੀਂ ਕੀਤਾ

ਗਿਆ। ਉਹ ਸਿਰਫ਼ ਮੇਰੇ ਵੱਲੋਂ ਕੱਢੇ ਗਏ ਸਿੱਟੇ ਨਹੀਂ ਹਨ। ਉਹ ਭਾਰਤ ਦੇ ਇਤਿਹਾਸ 'ਤੇ ਅਬੂਰ ਰੱਖਣ ਵਾਲੇ ਜਿਉਂਦੇ ਜਾਗਦੇ ਸਭ ਤੋਂ ਵੱਡੇ ਵਿਦਵਾਨ ਡਾ. ਸਰ ਜਾਦੂਨਾਥ ਸਰਕਾਰ, ਡਾ. ਰੋਮੇਸ਼ ਐਸ. ਮਜੂਮਦਾਰ ਅਤੇ ਡਾ. ਸੁਰੇਂਦਰਨਾਥ ਸੇਨ ਵੱਲੋਂ ਕੱਢੇ ਗਏ ਸਿੱਟੇ ਵੀ ਹਨ। ਉਹ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਵਿਦਵਾਨ ਹਨ ਅਤੇ ਭਾਰਤ ਦੇ ਮੋਹਰੀ ਸਿੱਖਿਆ-ਸ਼ਾਸਤਰੀਆਂ ਵਿੱਚ ਗਿਣੇ ਜਾਂਦੇ ਹਨ। ਉਹ ਕਲਕੱਤਾ, ਢਾਕਾ ਅਤੇ ਦਿੱਲੀ ਯੂਨੀਵਰਸਿਟੀਆਂ ਦੇ ਵਾਇਸ-ਚਾਂਸਲਰ ਵੀ ਰਹੇ ਹਨ। ਉਨ੍ਹਾਂ ਦੇ ਸਿੱਟਿਆਂ ਨੂੰ ਭਾਰਤ ਸਰਕਾਰ ਦੇ ਸਿੱਖਿਆ ਮੰਤਰੀ ਮਰਹੂਮ ਮੌਲਾਨਾ ਅਬੁਲ ਕਲਾਮ ਸਮੇਤ ਹੋਰ ਪ੍ਰਮੁੱਖ ਵਿਦਵਾਨਾਂ ਨੇ ਨਾ ਸਿਰਫ਼ ਪ੍ਰਵਾਨ ਕੀਤਾ ਸੀ ਬਲਕਿ ਉਨ੍ਹਾਂ ਦਾ ਸਮਰਥਨ ਵੀ ਕੀਤਾ ਸੀ।

ਮੇਰਾ ਇਕ ਆਲੋਚਕ ਸੋਚਦਾ ਹੈ ਕਿ ਮੈਂ ਬੰਗਾਲ ਫ਼ੌਜ ਦੇ ਸਿਪਾਹੀਆਂ ਨੂੰ ਪੂਰਬੀਏ ਕਹਿ ਕੇ 'ਖਿੱਲੀ ਉਡਾਈ', ਬਿਲਕੁਲ ਵੀ ਨਹੀਂ। ਜੇ ਉਸ ਨੇ ਕੇਂਦਰੀ ਤੇ ਸੂਬਾਈ ਸਰਕਾਰਾਂ ਦੇ ਸਮਕਾਲੀ ਦਸਤਾਵੇਜ਼ ਅਤੇ ਉਸ ਵੇਲੇ ਦੀ ਬੰਗਾਲ ਫ਼ੌਜ ਦੇ ਰਜਮੈਂਟਲ ਇਤਿਹਾਸ ਦੇਖੇ ਹੁੰਦੇ ਤਾਂ ਉਸ ਨੂੰ ਜਮਨਾ ਪਾਰ ਵਾਲਿਆਂ ਲਈ ਉਸ ਵੇਲੇ ਆਮ ਵਰਤੇ ਜਾਂਦੇ 'ਪੂਰਬੀਏ' ਅਤੇ 'ਹਿੰਦੁਸਤਾਨੀ' ਸ਼ਬਦ ਲੱਭ ਪੈਣੇ ਸਨ। {ਮੈਕਮੂਨ ਦੀਆਂ ਲਿਖਤਾਂ 'ਦ ਆਰਮੀਜ਼ ਆਫ਼ ਇੰਡੀਆ', 'ਦ ਪੰਜਾਬ ਮਿਊਟਨੀ ਰਿਪੋਰਟਸ', ਅਤੇ 'ਰਜਮੈਂਟਲ ਹਿਸਟਰੀ ਆਫ਼ ਫਿਫਟੀ ਫੋਰਥ ਸਿੱਖਸ' ਦੇਖੋ}। ਪੰਜਾਬ ਵਿਚ 'ਹਿੰਦੂਸਤਾਨੀ' ਨਾਲੋਂ 'ਪੂਰਬੀਆ' ਸ਼ਬਦ ਆਮ ਤੌਰ 'ਤੇ ਜ਼ਿਆਦਾ ਵਰਤਿਆ ਜਾਂਦਾ ਸੀ, ਇਹ ਅੱਜ ਵੀ ਉਵੇਂ ਹੀ ਵਰਤਿਆ ਜਾ ਰਿਹਾ ਹੈ ਅਤੇ ਇਸ ਵਿਚ ਖਿੱਲੀ ਉਡਾਉਣ ਵਾਲੀ ਤਾਂ ਕੋਈ ਗੱਲ ਹੀ ਨਹੀਂ ਹੈ।

**ਹੱਤਿਆ ਦੀ ਕਹਾਣੀ**

ਰਜਮੈਂਟ ਦੇ ਦਸਤਾਵੇਜ਼ਾਂ ਮੁਤਾਬਕ 10 ਮਈ 1857 ਨੂੰ ਜਦੋਂ ਮੇਰਠ ਵਿਚ ਬਗ਼ਾਵਤ ਸ਼ੁਰੂ ਹੋਈ ਤਾਂ ਡੇਰਾ ਇਸਮਾਇਲ ਖ਼ਾਨ ਵਿਖੇ ਸਿਰਫ਼ ਇਕ ਸਿੱਖ ਰਜਮੈਂਟ ਸੀ। ਇਸ ਰਜਮੈਂਟ ਦਾ ਨਾਮ ਸੀ ਤੀਸਰੀ ਸਿੱਖ ਇਨਫੈਂਟਰੀ। ਭਾਵੇਂ ਇਸ ਦਾ ਨਾਮ ਸਿੱਖ ਸੀ ਪਰ ਇਸ ਦੀ ਪੂਰੀ ਨਫ਼ਰੀ ਸਿੱਖ ਨਹੀਂ ਸੀ। ਬਾਕੀ ਦੀਆਂ ਤਿੰਨ ਸਿੱਖ ਰਜਮੈਂਟਾਂ ਵਾਂਗ ਇਸ ਵਿਚ 50 ਫ਼ੀਸਦੀ ਜੇਹਲਮ ਅਤੇ ਰਾਵਲਪਿੰਡੀ ਦੇ ਪੰਜਾਬੀ ਮੁਸਲਮਾਨ, ਸਿੰਧ ਦੇ ਪਠਾਣ, ਸ਼ਿਵਾਲਕ ਦੇ ਡੋਗਰੇ ਅਤੇ ਜਮਨਾ ਪਾਰ ਦੇ ਹਿੰਦੁਸਤਾਨੀ (ਪੂਰਬੀਏ) ਸ਼ਾਮਲ ਸਨ। ਅੰਗਰੇਜ਼ਾਂ ਦੀ ਹੱਤਿਆ ਕਰਨ ਦੀ ਯੋਜਨਾ ਤੀਸਰੀ ਸਿੱਖ ਇਨਫੈਂਟਰੀ ਦੇ ਹਿੰਦੁਸਤਾਨੀ ਸਿਪਾਹੀਆਂ ਵਿਚ ਬਣੀ ਸੀ (ਨਾ ਕਿ ਸਿੱਖਾਂ, ਪੰਜਾਬੀ ਮੁਸਲਮਾਨਾਂ ਜਾਂ ਡੋਗਰਿਆਂ ਵਿਚ)। ਰਜਮੈਂਟ ਦੇ ਇਤਿਹਾਸ ਵਿਚਲਾ ਕਥਨ ਹੈ:

ਜੁਲਾਈ ਵਿਚ ਕਮਾਂਡਿਗ ਅਫ਼ਸਰ ਦੇ ਧਿਆਨ ਵਿਚ ਆਇਆ ਕਿ ਕੁਝ ਹਿੰਦੁਸਤਾਨੀ ਹਿੰਦੁਸਤਾਨ ਵਿਚ ਹੋ ਰਹੀਆਂ ਗੜਬੜਾਂ ਬਾਰੇ ਬਾਗ਼ੀਆਨਾ ਅਤੇ ਅਸਹਿਯੋਗੀ ਢੰਗ ਨਾਲ ਗੱਲ ਕਰ ਰਹੇ ਸਨ। ਉਸ ਨੇ ਉਨ੍ਹਾਂ ਦੇ ਆਗੂ ਦਾ ਪਤਾ ਲਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫ਼ਲ ਰਹਿਣ ਤੋਂ ਬਾਅਦ ਉਨ੍ਹਾਂ ਨੂੰ ਨਿਹੱਥੇ ਕਰਨ ਦਾ ਫ਼ੈਸਲਾ ਕੀਤਾ, ਜਿਸ ਨੂੰ ਪੂਰਾ ਵੀ ਕਰ ਦਿੱਤਾ ਗਿਆ ਸੀ... ਉਨ੍ਹਾਂ ਵਿਚ 4 ਸਥਾਨਕ ਅਫ਼ਸਰ, 12 ਹਵਲਦਾਰ, 26 ਨਾਇਕ, 60 ਪ੍ਰਾਇਵੇਟ ਸ਼ਾਮਲ ਸਨ।

(ਤੀਸਰੀ ਸਿੱਖ ਰਜਮੈਂਟ ਦੇ ਇਤਿਹਾਸ ਦਾ ਰਿਕਾਰਡ, ਪੰਨਾ 10-11)।

ਇਸ ਗੱਲ ਦੀ ਪੁਸ਼ਟੀ ਆਰ. ਮੌਂਟਗੋਮਰੀ ਦੀ ਪੰਜਾਬ ਮਿਊਟਨੀ ਰਿਪੋਰਟ, ਪੰਨਾ ਨੰਬਰ 67-68, ਪੈਰ੍ਹਾ ਨੰਬਰ 107-08 ਤੋਂ ਹੋ ਜਾਂਦੀ ਹੈ।

ਡੇਰਾ ਇਸਮਾਈਲ ਖ਼ਾਨ ਤੋਂ ਮਿਲੀ ਸਾਜਿਸ਼ ਦੀ ਇਕ ਹੋਰ ਰਿਪੋਰਟ 39ਵੀਂ ਸਥਾਨਕ ਇਨਫ਼ੈਂਟਰੀ ਬਾਰੇ ਸੀ ਜਿਸ ਵਿਚ ਸਿਰਫ਼ ਪੂਰਬੀਏ ਸਿਪਾਹੀ ਹੀ ਸ਼ਾਮਲ ਸਨ। ਇਨ੍ਹਾਂ ਨੇ ਚੁੱਪਚਾਪ ਆਪਣੇ ਹਥਿਆਰ ਸੌਂਪ ਦਿੱਤੇ ਸਨ।

ਇਹ ਦਲੀਲ ਕਿ 'ਵੱਖ-ਵੱਖ ਯੂਰਪੀ ਮੁਲਕਾਂ ਦੀ ਲੋਕਤੰਤਰੀ ਪ੍ਰੈਸ ਨੇ 1857 ਦੀ ਬਗ਼ਾਵਤ ਨੂੰ ਭਾਰਤੀ ਲੋਕਾਂ ਦੀ ਕੌਮੀ ਬਗ਼ਾਵਤ ਕਹਿ ਕੇ ਸਰਾਹਿਆ ਸੀ', ਇਤਿਹਾਸ ਦੇ ਜਾਣਕਾਰਾਂ ਲਈ ਕੋਈ ਮਾਇਨੇ ਨਹੀਂ ਰੱਖਦੀ। ਇਹ ਇੰਗਲੈਂਡ ਨਾਲ ਸਾੜਾ ਰੱਖਣ ਵਾਲੇ ਬਰਤਾਨੀਆ-ਵਿਰੋਧੀ ਯੂਰਪੀ ਦੇਸ਼ਾਂ ਦੇ ਸਿਆਸੀ ਪ੍ਰੋਪੇਗੰਡੇ ਤੋਂ ਵੱਧ ਕੁਝ ਵੀ ਨਹੀਂ ਸੀ।

**ਪੰਜਾਬੀਆਂ ਵਿਚ ਦੇਸ਼-ਭਗਤੀ ਦੀ ਕੋਈ ਘਾਟ ਨਹੀਂ**

ਇਹ ਸੱਚ ਹੈ ਕਿ ਪੰਜਾਬੀਆਂ ਵਿਚ ਦੇਸ਼-ਭਗਤੀ ਦੀ ਭਾਵਨਾ ਦੀ ਕੋਈ ਘਾਟ ਨਹੀਂ ਸੀ। ਇਹ ਕਹਿਣ ਵਾਲਾ ਮੈਂ ਦੁਨੀਆਂ ਦਾ ਆਖ਼ਰੀ ਵਿਅਕਤੀ ਹੋਵਾਂਗਾ। ਪਰ ਜਿਹੜੇ ਪੂਰਬੀਏ ਸਿਪਾਹੀ ਸੌ ਸਾਲਾਂ ਤੋਂ ਅੰਗਰੇਜ਼ਾਂ

ਪ੍ਰਤੀ ਸਮਰਪਿਤ ਭਾਵਨਾ ਰੱਖਣ ਵਾਲੇ ਪਿੱਠੂ ਰਹੇ ਸਨ ਅਤੇ ਜਿਨ੍ਹਾਂ ਨੇ ਮਰਾਠਿਆਂ, ਰਾਜਪੂਤਾਂ, ਜਾਟਾਂ, ਗੋਰਖਿਆਂ, ਪਠਾਣਾਂ ਅਤੇ ਸਿੱਖਾਂ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਉਣ ਵਿਚ ਉਨ੍ਹਾਂ ਦੀ ਸਹਾਇਤਾ ਕੀਤੀ ਸੀ, ਬਗ਼ਾਵਤ ਦੇ ਸਮੇਂ ਵੀ ਉਹ ਅੰਗਰੇਜ਼ਾਂ ਵਾਸਤੇ ਪੰਜਾਬ ਦੀ ਕਿਲ੍ਹੇਬੰਦੀ ਕਰ ਰਹੇ ਸਨ। ਸਿੱਖ ਇਸ ਗੱਲ 'ਤੇ ਬਿਲਕੁੱਲ ਭਰੋਸਾ ਨਹੀਂ ਕਰ ਸਕਦੇ ਸਨ ਕਿ ਓਹੀ ਪੂਰਬੀਏ ਸਿਪਾਹੀ ਰਾਤੋਂ-ਰਾਤ ਦੇਸ਼-ਭਗਤ ਬਣ ਜਾਣਗੇ। ਪੰਜਾਬੀਆਂ ਮੁਤਾਬਕ ਉਹ ਮੁਹਿੰਮ ਕੌਮੀ ਮੁਹਿੰਮ ਹੋ ਹੀ ਨਹੀਂ ਸਕਦੀ ਸੀ ਜਿਸ ਬਾਰੇ ਭਾਰਤੀ ਲੋਕਾਂ ਦੀਆਂ ਵੱਖ-ਵੱਖ ਮਾਰਸ਼ਲ ਕੌਮਾਂ ਨਾਲ ਕੋਈ ਮਸ਼ਵਰਾ ਨਹੀਂ ਕੀਤਾ ਗਿਆ, ਨਾ ਹੀ ਉਨ੍ਹਾਂ ਨੂੰ ਭਰੋਸੇ ਵਿਚ ਲਿਆ ਗਿਆ, ਜਿਸ ਮੁਹਿੰਮ ਨੂੰ ਬੰਗਾਲ ਤੇ ਮਦਰਾਸ ਦੇ ਲੋਕਾਂ ਵੱਲੋਂ ਨਕਾਰ ਦਿੱਤਾ ਗਿਆ ਸੀ ਅਤੇ ਜਿਸ ਵਿਚ ਮਹਾਰਾਸ਼ਟਰ, ਬੰਬਈ, ਗੁਜਰਾਤ, ਸਿੰਧ ਅਤੇ ਰਾਜਸਥਾਨ ਦੇ ਲੋਕ ਸ਼ਾਮਲ ਨਹੀਂ ਹੋਏ ਸਨ। ਇਕੱਲੇ ਪੂਰਬੀਆਂ ਨਾਲ ਹੀ ਭਾਰਤੀ ਰਾਸ਼ਟਰ ਨਹੀਂ ਬਣਦਾ ਅਤੇ ਨਾ ਹੀ ਰਾਸ਼ਟਰਵਾਦ ਬਣਦਾ ਹੈ, ਜਿਸ ਦੇ ਨਾਮ 'ਤੇ ਉਨ੍ਹਾਂ ਨੇ ਮਾਸੂਮ ਔਰਤਾਂ ਤੇ ਬੱਚਿਆਂ ਦੇ ਕਤਲ ਕੀਤੇ, ਆਪਣੇ ਹੀ ਲੋਕਾਂ ਨੂੰ ਲੁੱਟਿਆ ਤੇ ਬਰਬਾਦ ਕੀਤਾ ਜਾਂ ਆਪਣੇ ਨਿੱਜੀ ਹਿੱਤਾਂ ਖ਼ਾਤਰ ਅੰਗਰੇਜ਼ਾਂ ਨਾਲ ਗੁਪਤ ਵਿਚਾਰ-ਵਟਾਂਦਰੇ ਕੀਤੇ।

**ਹਿੰਦੂ-ਮੁਸਲਮਾਨ ਏਕਤਾ ਦੀ ਘਾਟ**

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਸ ਵੇਲੇ ਹਿੰਦੂਆਂ ਤੇ ਮੁਸਲਮਾਨਾਂ ਦੀ ਆਪਸ ਵਿਚ ਕੋਈ ਸਾਂਝ ਨਹੀਂ ਸੀ। ਇਸ ਸੱਚ ਹੈ ਕਿ ਬਹੁਗਿਣਤੀ ਪੂਰਬੀਏ ਸਿਪਾਹੀ ਉੱਚ-ਜਾਤਾਂ ਦੇ ਹਿੰਦੂ ਸਨ। ਉਨ੍ਹਾਂ ਨੇ ਮੁਗ਼ਲ ਬਾਦਸ਼ਾਹ ਦੇ ਝੰਡੇ ਥੱਲੇ ਸ਼ਰਨ ਲਈ ਅਤੇ ਉਸ ਨੂੰ ਤਖ਼ਤ 'ਤੇ ਬਿਠਾਇਆ। ਬਾਦਸ਼ਾਹ ਆਪਣੇ ਪੁੱਤਰਾਂ ਅਤੇ ਮੁਸਲਮਾਨ ਜਰਨੈਲਾਂ ਦੇ ਹੱਥਾਂ ਵਿਚ ਇਕ ਬੇਬਸ ਕਠਪੁਤਲੀ ਸੀ, ਜਿਨ੍ਹਾਂ ਦੇ ਹੱਥਾਂ ਵਿਚ ਸਾਰੀ ਤਾਕਤ ਅਤੇ ਸੱਤਾ ਦੇ ਅਧਿਕਾਰ ਸਨ। ਹਿੰਦੂ-ਮੁਸਲਮਾਨ ਏਕਤਾ ਕਾਫ਼ੀ ਹੱਦ ਤੱਕ ਇਕਪਾਸੜ ਕੋਸ਼ਿਸ਼ ਸੀ। ਸਰਕਾਰ ਨਾਲੋਂ ਟੁੱਟ ਕੇ ਅਤੇ ਹਿੰਦੂ ਰਾਜਪੂਤਾਂ, ਮਰਾਠਿਆਂ, ਡੋਗਰਿਆਂ ਅਤੇ ਗੋਰਖਿਆਂ ਦੇ ਰਾਜਿਆਂ ਜਾਂ ਲੋਕਾਂ ਦਾ ਸਹਿਯੋਗ ਨਾ ਹੋਣ ਕਰਕੇ, ਹਿੰਦੂ ਸਿਪਾਹੀਆਂ ਕੋਲ ਉਨ੍ਹਾਂ ਮੁਸਲਮਾਨ ਆਗੂਆਂ ਦੀ ਸ਼ਰਨ ਵਿਚ ਜਾਣ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ ਸੀ ਜਿਹੜੇ ਇਸ ਬਗ਼ਾਵਤ ਦੀ ਸਫ਼ਲਤਾ ਨੂੰ ਦੇਸ਼ ਵਿਚ ਮੁਸਲਮਾਨਾਂ ਦੀ ਹਕੂਮਤ ਦੀ ਪੁਨਰ-ਸਥਾਪਤੀ ਦੇ ਰੂਪ ਵਿਚ ਦੇਖ ਰਹੇ ਸਨ। ਬਾਦਸ਼ਾਹ ਬਹਾਦਰ ਸ਼ਾਹ ਨੇ ਈਦ ਵਾਲੇ ਦਿਨ ਦਿੱਲੀ ਵਿਚ ਗਾਵਾਂ ਦੀ ਬਲੀ ਦੇਣ 'ਤੇ ਰੋਕ ਲਾ ਕੇ ਉਨ੍ਹਾਂ ਦਾ ਸਾਥ ਦਿੱਤਾ ਅਤੇ ਬਰੇਲੀ ਦੇ ਖ਼ਾਨ ਬਹਾਦਰ ਖ਼ਾਨ ਨੇ ਵੀ ਗਊ-ਹੱਤਿਆ 'ਤੇ ਰੋਕ ਲਾਉਣ ਦੀ ਤਜਵੀਜ਼ ਹਿੰਦੂ-ਮੁਸਲਮਾਨ ਏਕਤਾ ਲਈ ਜਾਂ ਹਿੰਦੂਆਂ ਦੀਆਂ ਭਾਵਨਾਵਾਂ ਦੇ ਸਤਿਕਾਰ ਵਜੋਂ ਨਹੀਂ, ਬਲਕਿ ਅੰਗਰੇਜ਼ਾਂ ਨੂੰ ਮਾਰਨ ਬਦਲੇ ਦਿੱਤੀ ਸੀ। ਉਸ ਨੇ ਕਿਹਾ, 'ਜੇ ਹਿੰਦੂ ਅੰਗਰੇਜ਼ਾਂ ਨੂੰ ਮਾਰਨ ਲਈ ਅੱਗੇ ਵਧਣਗੇ ਤਾਂ ਮੁਸਲਮਾਨ ਉਸੇ ਦਿਨ ਤੋਂ ਗਊ-ਹੱਤਿਆ ਬੰਦ ਕਰ ਦੇਣਗੇ' {ਐਸ.ਐਨ.ਐਸ., 93}। ਇਸ ਬਾਰੇ ਹੋਰ ਟਿੱਪਣੀ ਕਰਨ ਦੀ ਲੋੜ ਨਹੀਂ ਹੈ।

**ਮੁਸਲਮਾਨ ਕੱਟੜਤਾ**

ਪਵਿੱਤਰ ਜਿਹਾਦ ਦਾ ਹਰਾ ਝੰਡਾ ਲਹਿਰਾਉਣਾ ਅਤੇ ਦਿੱਲੀ, ਬਰੇਲੀ, ਬਿਜਨੌਰ, ਮੁਰਾਦਾਬਾਦ ਅਤੇ ਹੋਰ ਥਾਵਾਂ ਦੇ ਹਿੰਦੂਆਂ ਨੂੰ ਲੁੱਟਣਾ ਤੇ ਮਾਰਨਾ ਲਾਜ਼ਮੀ ਤੌਰ 'ਤੇ ਹਿੰਦੂ-ਮੁਸਲਮਾਨ ਏਕਤਾ ਦਾ ਪ੍ਰਤੀਕ ਨਹੀਂ ਸੀ। ਨਾ ਹੀ ਬਨਾਰਸ ਸਥਿਤ ਬਿਸ਼ੇਸ਼ਵਰ ਹਿੰਦੂ ਮੰਦਰ 'ਤੇ ਹਰਾ ਝੰਡਾ ਝੁਲਾਉਣ ਦੀ ਕੋਸ਼ਿਸ਼ ਕਰਨਾ ਹਿੰਦੂਆਂ ਪ੍ਰਤੀ ਦੋਸਤਾਨਾ ਸਤਕਾਰ ਦਾ ਨਤੀਜਾ ਸੀ।

ਡਾ. ਮਜੂਮਦਾਰ ਦੱਸਦੇ ਹਨ, 'ਫ਼ਿਰਕੂ ਨਫ਼ਰਤ ਨੇ ਉੱਤਰ-ਪ੍ਰਦੇਸ਼ ਦੇ ਕਈ ਹਿੱਸਿਆਂ ਵਿਚ ਭੱਦੇ ਫ਼ਿਰਕੂ ਦੰਗੇ ਭੜਕਾ ਦਿੱਤੇ। ਹਰੇ ਝੰਡੇ ਲਹਿਰਾਏ ਗਏ ਅਤੇ ਬਰੇਲੀ, ਬਿਜਨੌਰ, ਮੁਰਾਦਾਬਾਦ ਅਤੇ ਹੋਰ ਥਾਵਾਂ 'ਤੇ ਹਿੰਦੂਆਂ-ਮੁਸਲਮਾਨਾਂ ਵਿਚਾਲੇ ਖ਼ੂਨੀ ਜੰਗਾਂ ਲੜੀਆਂ ਗਈਆਂ। ਇੱਥੇ ਮੁਸਲਮਾਨਾਂ ਨੇ ਮੁਸਲਮਾਨ ਸਲਤਨਤ ਦੀ ਪੁਨਰ-ਸਥਾਪਨਾ ਦੇ ਨਾਅਰੇ ਲਾਏ'। {ਪੰਨਾ 230-31}

ਡਾ. ਮਜੂਮਦਾਰ ਚਸ਼ਮਦੀਦ ਗਵਾਹ ਦੁਰਗਾਦਾਸ ਬੰਦੋਪਾਧਿਆਇ ਦੀ ਪੁਸਤਕ 'ਬਿਦਰੋਹੀ ਬੰਗਾਲੀ' ਦੇ ਹਵਾਲੇ ਨਾਲ ਸਾਨੂੰ ਦੱਸਦੇ ਹਨः 'ਫ਼ਿਰਕਾਪ੍ਰਸਤੀ ਦੇ ਦੈਂਤ ਨੇ ਵੀ ਆਪਣਾ ਸਿਰ ਚੁੱਕ ਲਿਆ ਸੀ। ਮੁਸਲਮਾਨਾਂ ਨੇ ਹਿੰਦੂਆਂ 'ਤੇ ਥੁੱਕਿਆ ਅਤੇ ਉਨ੍ਹਾਂ ਦੇ ਘਰਾਂ ''ਤੇ ਗਾਵਾਂ ਦਾ ਲਹੂ ਛਿੜਕ ਕੇ ਤੇ ਘਰਾਂ ਦੇ ਅਹਾਤਿਆਂ ਵਿਚ ਗਾਵਾਂ ਦੀਆਂ ਹੱਡੀਆਂ ਰੱਖ ਕੇ ਉਨ੍ਹਾਂ ਨੂੰ ਭ੍ਰਿਸ਼ਟ ਕਰ ਦਿੱਤਾ। ਉਨ੍ਹਾਂ ਘਟਨਾਵਾਂ ਦੇ ਠੋਸ ਸਬੂਤ ਦਿੱਤੇ ਗਏ ਹਨ

ਜਿਨ੍ਹਾਂ ਵਿਚ ਹਿੰਦੂ ਸਿਪਾਹੀ ਮੁਸਲਮਾਨ ਗੁੰਡਿਆਂ ਨਾਲ ਭਿੜ ਗਏ ਅਤੇ ਦੰਗਾ ਪੂਰੀ ਤਰ੍ਹਾਂ ਭੜਕ ਗਿਆ। ਮੁਸਲਮਾਨਾਂ ਤੋਂ ਸਤਾਏ ਹਿੰਦੂ ਬਗ਼ਾਵਤ ਦੀ ਸਫ਼ਲਤਾ ਤੋਂ ਨਿਰਾਸ਼ ਸਨ ਅਤੇ ਰੋਜ਼ ਰੱਬ ਨੂੰ ਅਰਦਾਸ ਕਰਦੇ ਸਨ ਕਿ ਅੰਗਰੇਜ਼ ਵਾਪਸ ਆ ਜਾਣ'। {ਆਰ.ਸੀ.ਐਮ., 177}

ਜਿਸ ਆਉਣ ਵਾਲੇ ਮੁਸਲਮਾਨ ਸ਼ਾਸਨ ਦਾ ਡਰ ਸੀ ਇਹ ਉਸੇ ਦੀ ਹੀ ਇਕ ਝਲਕ ਸੀ। ਹਰ ਕੋਈ ਸੋਚ ਕੇ ਕੰਬ ਜਾਂਦਾ ਹੈ ਕਿ ਜੇ ਸ਼ਾਸਨ ਅਸਲ ਵਿਚ ਆ ਜਾਂਦਾ ਤਾਂ ਕੀ ਹੁੰਦਾ।

ਇਸ ਸਭ ਕੁਝ ਦੇ ਬਾਵਜੂਦ, ਜੇ ਕੁਝ ਲੋਕ ਭਰਮ ਦੀ ਜ਼ਿੰਦਗੀ ਵਿਚ ਜਿਊਣਾ ਚਾਹੁੰਦੇ ਹਨ। ਜੇ ਉਹ ਇਹ ਮੰਨਣਾ ਚਾਹੁੰਦੇ ਹਨ ਕਿ ਬਗ਼ਾਵਤ ਦੇ ਹਰ ਪੜਾਅ 'ਤੇ ਮੁਸਲਮਾਨਾਂ ਤੇ ਹਿੰਦੂਆਂ ਵਿਚਾਲੇ ਪੂਰੀ ਦੋਸਤਾਨਾ ਸਾਂਝ ਅਤੇ ਫ਼ਿਰਕੂ ਤਾਲਮੇਲ ਸੀ ਤਾਂ ਉਹ ਜੀ ਸਦਕੇ ਇਸ ਤਰ੍ਹਾਂ ਸੋਚ ਸਕਦੇ ਹਨ। ਪਰ ਉਨ੍ਹਾਂ ਨੂੰ ਇਤਿਹਾਸ ਦੇ ਵਿਦਿਆਰਥੀ ਤੋਂ ਉਨ੍ਹਾਂ ਵਾਂਗ ਸੋਚਣ ਦੀ ਉਮੀਦ ਨਹੀਂ ਰੱਖਣੀ ਚਾਹੀਦੀ। ਪਿਛਲਾ ਇਤਿਹਾਸ ਉਸੇ ਤਰ੍ਹਾਂ ਦਰਜ ਹੋਣਾ ਚਾਹੀਦਾ ਹੈ ਜਿਵੇਂ ਇਹ ਵਾਪਰਿਆ ਸੀ ਨਾ ਕਿ ਉਵੇਂ ਜਿਵੇਂ ਅਸੀਂ ਇਕ ਸਦੀ ਬਾਅਦ ਪੇਸ਼ ਕਰਨਾ ਚਾਹੁੰਦੇ ਹੋਈਏ। ਇਸ ਨੂੰ ਬਦਲਦੇ ਸਮਿਆਂ ਅਨੁਸਾਰ ਢਾਲ ਕੇ ਅਤੇ ਫੇਰ ਹੋਰ ਜ਼ਿਆਦਾ ਢਾਲ ਕੇ ਨਹੀਂ ਲਿਖਿਆ ਜਾ ਸਕਦਾ।

**ਲੁਟੇਰਿਆਂ ਨਾਲੋਂ ਭੈੜੇ ਬਾਗ਼ੀ**

ਬਾਗ਼ੀਆਂ ਨੇ ਲੁਟੇਰਿਆਂ ਦੇ ਟੋਲਿਆਂ ਅਤੇ ਪੇਸ਼ੇਵਰ ਡਾਕੂਆਂ ਨਾਲੋਂ ਵੀ ਬੁਰਾ ਵਤੀਰਾ ਕੀਤਾ। ਇਹ ਗੱਲ ਬਾਦਸ਼ਾਹ ਬਹਾਦਰ ਸ਼ਾਹ ਕੋਲ ਲੋਕਾਂ ਵੱਲੋਂ ਵੱਡੀ ਗਿਣਤੀ ਵਿਚ ਆਈਆਂ ਸ਼ਿਕਾਇਤਾਂ, ਉਸ ਵੱਲੋਂ ਫ਼ੌਜ ਤੇ ਪੁਲਿਸ ਦੇ ਅਧਿਕਾਰੀਆਂ ਨੂੰ ਜਾਰੀ ਕੀਤੇ ਗਏ ਨਿਰਦੇਸ਼ਾਂ ਤੇ ਹੁਕਮਾਂ ਨੇ ਸਾਬਤ ਕਰ ਦਿੱਤੀ। ਦਸਤਾਵੇਜ਼ਾਂ ਵਿਚ ਮੌਜੂਦ ਸਬੂਤਾਂ ਦੇ ਅਨੁਸਾਰ, ਬਾਗ਼ੀਆਂ ਨੇ ਕਾਨੂੰਨ ਆਪਣੇ ਹੱਥਾਂ ਵਿਚ ਲੈ ਲਿਆ ਸੀ ਅਤੇ ਉਨ੍ਹਾਂ ਦਾ ਜੋ ਜੀਅ ਕੀਤਾ, ਉਹੀ ਚੀਜ਼ ਚੁੱਕ ਕੇ ਲੈ ਗਏ।

ਮੁਗ਼ਲ ਰਾਜਿਆਂ ਤੇ ਬਾਗ਼ੀ ਆਗੂਆਂ ਵੱਲੋਂ ਪਾਏ ਗ਼ਲਤ ਪੂਰਨਿਆਂ ਨੇ ਫ਼ੌਜੀਆਂ ਨੂੰ ਦਿੱਲੀ ਦੇ ਅੰਦਰ ਤੇ ਬਾਹਰ ਕਿਸੇ ਵੀ ਘਰ ਵਿਚ ਵੜਨ ਅਤੇ ਕਿਤੇ ਵੀ ਕਬਜ਼ਾ ਕਰ ਲੈਣ ਲਈ ਉਤਸ਼ਾਹਿਤ ਕੀਤਾ। ਬਾਗ਼ੀਆਂ ਦੇ ਇਸ ਵਤੀਰੇ ਦਾ ਪੱਖ ਪੂਰਨ ਲਈ ਜਾਂ ਇਸ ਨੂੰ ਜਾਇਜ਼ ਠਹਿਰਾਉਣ ਲਈ ਕਿਹਾ ਗਿਆ ਕਿ 'ਬਾਗ਼ੀਆਂ ਨੇ ਸਿਰਫ਼ ਉਨ੍ਹਾਂ {ਭਾਰਤੀਆਂ} ਨੂੰ ਨੁਕਸਾਨ ਪਹੁੰਚਾਇਆ ਜਿਨ੍ਹਾਂ ਨੇ ਉਨ੍ਹਾਂ ਨੂੰ ਰਾਸ਼ਨ ਦੇਣ ਤੋਂ ਇਨਕਾਰ ਕੀਤਾ ਜਾਂ ਜਿਨ੍ਹਾਂ 'ਤੇ ਅੰਗਰੇਜ਼ਾਂ ਨਾਲ ਰਲ਼ੇ ਹੋਣ ਦਾ ਸ਼ੱਕ ਸੀ', ਪਰ ਇਸ ਗੱਲ ਨੂੰ ਸਾਬਤ ਕਰਨ ਵਾਲਾ ਕੋਈ ਦਸਤਾਵੇਜ਼ੀ ਸਬੂਤ ਨਹੀਂ ਮਿਲਦਾ।

ਬਾਦਸ਼ਾਹ ਨੇ ਬੇਬਸ ਪੀੜਤਾਂ ਦੀਆਂ ਅਰਜ਼ੀਆਂ ਸ਼ਹਿਜ਼ਾਦੇ ਮਿਰਜ਼ਾ ਮੁਗ਼ਲ ਨੂੰ ਭੇਜ ਦਿੱਤੀਆਂ ਤਾਂ ਜੋ ਉਹ ਉਨ੍ਹਾਂ ਨੂੰ ਸੁਰੱਖਿਆ ਪ੍ਰਦਾਨ ਕਰੇ। ਪਰ ਜਦੋਂ ਉਸ ਨੂੰ ਪਤਾ ਲੱਗਿਆ ਕਿ ਉਸ ਦੇ ਹੁਕਮਾਂ ਦੀ ਤਾਮੀਲ ਨਹੀਂ ਹੋ ਰਹੀ ਤਾਂ ਉਸ ਨੇ ਆਪਣੇ ਪੁੱਤਰ ਮਿਰਜ਼ਾ ਮੁਗ਼ਲ ਨੂੰ 18 ਜੂਨ ਨੂੰ ਖ਼ਤ ਲਿਖਿਆ: 'ਹੈਰਾਨੀ ਦੀ ਗੱਲ ਹੈ ਕਿ ਹਾਲੇ ਤੱਕ ਕੋਈ ਪ੍ਰਬੰਧ ਨਹੀਂ ਕੀਤਾ ਗਿਆ... ਫ਼ੌਜ ਦਾ ਫ਼ਰਜ਼ ਸੁਰੱਖਿਆ ਕਰਨਾ ਹੈ ਨਾ ਕਿ ਉਜਾੜਨਾ ਤੇ ਲੁੱਟਣਾ'। ਜੈਸਿੰਘਪੁਰਾ ਤੇ ਪਹਾੜਗੰਜ ਦੇ ਵਾਸੀਆਂ ਨੇ 19 ਜੂਨ ਸ਼ਿਕਾਇਤ ਦਰਜ ਕਰਾਈ ਕਿ 'ਰਾਜ ਦੇ ਫ਼ੌਜੀ ਦੁਕਾਨਦਾਰਾਂ ਨੂੰ ਲੁੱਟ ਰਹੇ ਹਨ ਬਿਨਾਂ ਅਦਾਇਗੀ ਕੀਤੇ ਜ਼ਬਰਦਸਤੀ ਉਨ੍ਹਾਂ ਦਾ ਸਮਾਨ ਚੁੱਕ ਕੇ ਲੈ ਜਾ ਰਹੇ ਹਨ ਅਤੇ ਉਨ੍ਹਾਂ ਦੀਆਂ ਰਿਹਾਇਸ਼ਾਂ ਵਾਲੇ ਘਰਾਂ ਵਿਚ ਵੜ ਰਹੇ ਹਨ ਹੱਥ ਆਉਣ ਵਾਲਾ ਹਰ ਸਾਮਾਨ ਧੱਕੇ ਨਾਲ ਚੁੱਕ ਕੇ ਲੈ ਜਾਂਦੇ ਹਨ ਤੇ ਜੇ ਕੋਈ ਉਨ੍ਹਾਂ ਨੂੰ ਉਨ੍ਹਾਂ 'ਤੇ ਤਰਸ ਖਾਣ ਲਈ ਕਹਿੰਦਾ ਤਾਂ ਉਹ ਉਸ ਦਾ ਜਵਾਬ ਗੋਲੀ ਜਾਂ ਤਲਵਾਰ ਦੇ ਫੱਟ ਨਾਲ ਦਿੰਦੇ'। {ਟੀ. ਬੀ., 11, 12}

ਆਪਣੇ 27 ਜੂਨ ਦੇ ਫ਼ਰਮਾਨ ਵਿਚ ਬਾਦਸ਼ਾਹ ਨੇ ਸ਼ਹਿਜ਼ਾਦੇ ਮੁਗ਼ਲ ਤੇ ਖ਼ੈਰ ਸੁਲਤਾਨ ਨੂੰ ਲਿਖਿਆ: 'ਫ਼ੌਜ ਦੇ ਸ਼ਹਿਰ ਵਿਚ ਆਉਣ ਵਾਲੇ ਅਤੇ ਇੱਥੇ ਛਾਉਣੀਆਂ ਪਾਉਣ ਵਾਲੇ ਦਿਨ ਤੋਂ ਬਾਅਦ ਇਕ ਵੀ ਦਿਨ ਅਜਿਹਾ ਨਹੀਂ ਬੀਤਿਆ ਜਿਸ ਦਿਨ ਸ਼ਹਿਰ-ਵਾਸੀਆਂ ਨੇ ਇਸ ਫ਼ੌਜ ਦੇ ਸਿਪਾਹੀਆਂ ਵੱਲੋਂ ਉਨ੍ਹਾਂ ਨਾਲ ਕੀਤੀਆਂ ਗਈਆਂ ਵਧੀਕੀਆਂ ਸੰਬੰਧੀ ਸ਼ਿਕਾਇਤਾਂ ਨਾ ਦਰਜ ਕਰਵਾਈਆਂ ਹੋਣ... ਤੁਹਾਨੂੰ, ਆਪਣੇ ਫ਼ਰਜ਼ੰਦਾਂ ਨੂੰ, ਤਾਕੀਦ ਕਰਦਾ ਹਾਂ ਕਿ ਇਨ੍ਹਾਂ ਫ਼ੌਜੀਆਂ ਨੂੰ ਸ਼ਹਿਰ ਲੁੱਟਣ ਤੇ ਉਜਾੜਨ ਤੋਂ ਰੋਕਣ ਲਈ ਹਰ ਸੰਭਵ ਕਦਮ ਪੁੱਟਿਆ ਜਾਵੇ'। {ਟੀ.ਬੀ. 14}

ਹਜ਼ਰਤ ਸ਼ੇਖ਼ ਮੁਹੰਮਦ ਚਿਸ਼ਤੀ ਦੀ ਦਰਗਾਹ ਦੇ ਮੌਲਵੀ ਸੱਈਅਦ ਅਬਦੁੱਲਾ ਨੇ 29 ਜੂਨ ਨੂੰ ਸ਼ਿਕਾਇਤ

ਦਰਜ ਕਰਵਾਈ ਕਿ 'ਖ਼ਰੀਫ਼ ਦੀਆਂ ਗੰਨੇ, ਚਰ੍ਹੀ ਤੇ ਹੋਰ ਕਿਸਮ ਦੀਆਂ ਫ਼ਸਲਾਂ ਪੂਰੀ ਤਰ੍ਹਾਂ ਤਬਾਹ ਹੋ ਚੁੱਕੀਆਂ ਹਨ ਅਤੇ ਇਸ ਤੋਂ ਵੀ ਜ਼ਿਆਦਾ ਖੇਤੀਬਾੜੀ ਦੇ ਸੰਦ ਹੱਲ੍ਹ, ਖੂਹਾਂ 'ਤੇ ਲੱਗਿਆ ਲੱਕੜ ਦਾ ਸਾਜ਼ੋ-ਸਾਮਾਨ ਫ਼ੌਜੀ ਲੁੱਟ ਕੇ ਲੈ ਗਏ ਹਨ'। {ਟੀ.ਬੀ., 15}

ਰਾਜਧਾਨੀ ਦੇ ਸਾਰੇ ਪਾਸਿਉਂ ਅਤੇ ਸ਼ਹਿਰਾਂ ਤੇ ਪਿੰਡਾਂ ਦੇ ਅਮੀਰ-ਗ਼ਰੀਬ, ਹਿੰਦੂ-ਮੁਸਲਮਾਨ ਸਮੇਤ ਹਰ ਵਰਗ ਦੇ ਲੋਕਾਂ ਵੱਲੋਂ ਬਾਗ਼ੀਆਂ ਵੱਲੋਂ ਲੁੱਟ ਮਚਾਉਣ ਦੀਆਂ ਇਸੇ ਤਰ੍ਹਾਂ ਦੀਆਂ ਸ਼ਿਕਾਇਤਾਂ ਮਿਲੀਆਂ। ਸ਼ਹਿਜ਼ਾਦੇ ਮੁਗ਼ਲ ਨੂੰ ਭੇਜੇ ਆਪਣੇ ਹੁਕਮ ਵਿਚ ਬਾਦਸ਼ਾਹ ਉਸ ਨੂੰ ਕਹਿੰਦਾ ਹੈ, 'ਕਿ ਜੋਧਪੁਰ ਦੇ ਘੋੜਸਵਾਰ ਫ਼ੌਜੀਆਂ ਨੇ ਦੁਕਾਨਾਂ ਦੇ ਸਾਹਮਣੇ ਨਾਕੇ ਲਾ ਲਏ ਹਨ ਅਤੇ ਕਈ ਦੁਕਾਨਾਂ 'ਤੇ ਕਬਜ਼ੇ ਕਰ ਲਏ ਹਨ' ਅਤੇ ਅਲੀਗੰਜ, ਮੱਲਣਜੀ, ਹਸਨਗੜ੍ਹ ਅਤੇ ਅਲਾਪੁਰ ਦੇ ਬਾਗ਼ੀ ਗੁੱਜਰ, 'ਇਸ ਵੇਲੇ ਮੁੱਖ-ਸੜਕ 'ਤੇ ਡਾਕੇ ਮਾਰਨ ਤੇ ਦੇਸ਼ ਨੂੰ ਲੁੱਟਣ ਵਿਚ ਰੁੱਝੇ ਹੋਏ ਹਨ'। {ਟੀ.ਬੀ. 21, 22}

**ਬਹਾਦਰ ਸ਼ਾਹ ਦੀ ਬੇਇੱਜ਼ਤੀ**

ਪਰ ਬਾਗੀਆਂ ਦੇ ਹੱਥਾਂ ਦੀ ਬੇਬਸ ਕਠਪੁਤਲੀ ਬਾਦਸ਼ਾਹ ਬਹਾਦਰ ਸ਼ਾਹ ਦੀਆਂ ਹਸਰਤਾਂ ਤੇ ਹੁਕਮਾਂ ਦੀ ਪ੍ਰਵਾਹ ਕੌਣ ਕਰਦਾ ਸੀ? ਉਨ੍ਹਾਂ ਨੇ ਆਪਣਾ ਰਾਹ ਬਣਾਉਣ ਲਈ ਬਸ ਉਸ ਦਾ ਨਾਮ ਹੀ ਵਰਤਿਆ ਸੀ। ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਸ ਦੀਆਂ ਇੱਛਾਵਾਂ ਉਨ੍ਹਾਂ ਦੀਆਂ ਇੱਛਾਵਾਂ ਨਾਲ ਭਿੜ ਰਹੀਆਂ ਹਨ ਤਾਂ ਉਨ੍ਹਾਂ ਨੇ ਉਸ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਬਾਗ਼ੀਆਂ ਵੱਲੋਂ ਸ਼ਰੇਆਮ ਅਵੱਗਿਆ ਅਤੇ ਬੇਇੱਜ਼ਤੀ ਨਾਲ ਸ਼ਰਮਸਾਰ ਹੋਏ ਬਾਦਸ਼ਾਹ ਬਹਾਦਰ ਸ਼ਾਹ ਨੇ ਆਪਣੇ ਅਹੁਦੇ ਨੂੰ ਤਿਆਗਣ, ਰਾਜਧਾਨੀ ਛੱਡ ਜਾਣ ਅਤੇ ਆਤਮਘਾਤ ਕਰਨ ਦੀ ਧਮਕੀ ਦਿੱਤੀ, ਜੋ ਕਿ 9 ਅਗਸਤ 1857 ਨੂੰ ਦਿੱਲੀ ਵਿਖੇ ਫ਼ੌਜ ਨੂੰ ਸੰਬੋਧਤ ਯਾਦ-ਪੱਤਰ ਤੋਂ ਪ੍ਰਮਾਣਿਤ ਹੁੰਦਾ ਹੈ। ਉਹ ਕਹਿੰਦਾ ਹੈ:

> ਜੇ ਤੁਸੀਂ ਇਨ੍ਹਾਂ ਬੇਨਤੀਆਂ ਅਨੁਸਾਰ ਚੱਲਣ ਲਈ ਤਿਆਰ ਨਹੀਂ ਹੋ ਤਾਂ ਮੈਨੂੰ ਸੁਰੱਖਿਅਤ ਰੂਪ ਵਿਚ ਖ਼ਵਾਜ਼ਾ ਸਾਹਿਬ ਕੋਲ ਪਹੁੰਚਾ ਦਿੱਤਾ ਜਾਵੇ। ਮੈਂ ਉੱਥੇ ਬੈਠਾ ਰਹਾਂਗਾ ਅਤੇ ਮੁਜ਼ਵਿਰ (ਝਾੜੂ ਮਾਰਨ ਵਾਲਾ) ਵਾਲੇ ਕੰਮ ਵਿਚ ਰੁੱਝ ਜਾਵਾਂਗਾ। ਜੇ ਇਹ ਵੀ ਪ੍ਰਵਾਨ ਨਹੀਂ ਹੁੰਦਾ ਤਾਂ ਮੈਂ ਸਭ ਕੁਝ ਛੱਡ ਕੇ ਦੂਰ ਚਲਾ ਜਾਂਦਾ ਹਾਂ। ਜਿਹੜੇ ਸੋਚਦੇ ਹਨ ਕਿ ਮੈਨੂੰ ਰੋਕ ਲੈਣਗੇ, ਉਨ੍ਹਾਂ ਨੂੰ ਇਹ ਵੀ ਕਰਕੇ ਦੇਖ ਲੈਣ ਦਿਉ। ਅੰਗਰੇਜ਼ਾਂ ਹੱਥੋਂ ਨਹੀਂ ਮਾਰਿਆ ਹਾਂ ਤਾਂ ਤੁਹਾਡੇ ਹੱਥੋਂ ਮਰ ਜਾਵਾਂਗਾ। ਹੋਰ ਤਾਂ ਹੋਰ, ਇਸ ਵੇਲੇ ਜਿਹੜਾ ਤਸ਼ੱਦਦ ਲੋਕਾਂ 'ਤੇ ਢਾਹਿਆ ਜਾ ਰਿਹਾ ਹੈ, ਅਸਲ ਵਿਚ ਉਹ ਮੇਰੇ 'ਤੇ ਹੀ ਢਾਹਿਆ ਜਾ ਰਿਹਾ ਹੈ। ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਇਸ ਨੂੰ ਰੋਕਣ ਲਈ ਹਰ ਸੰਭਵ ਕਦਮ ਚੁੱਕੋ। ਨਹੀਂ ਤਾਂ ਮੇਰੀ ਗੱਲ ਦਾ ਜੁਆਬ ਦਿਉ, ਵਰਨਾ ਮੈਂ ਹੀਰਾ ਨਿਗਲ ਕੇ ਆਪਣੀ ਜਾਨ ਦੇਵਾਗਾਂ। {ਟੀ.ਬੀ., 35}

ਇਸ ਦਾ ਵੀ ਕੋਈ ਅਸਰ ਨਹੀਂ ਹੋਇਆ ਅਤੇ ਬਾਗ਼ੀਆਂ ਦੇ ਨਜ਼ਰੀਏ ਤੇ ਵਤੀਰੇ ਵਿਚ ਕੋਈ ਫ਼ਰਕ ਨਹੀਂ ਆਇਆ। ਇਸ ਲਈ ਬਾਦਸ਼ਾਹ ਬਹਾਦਰ ਸ਼ਾਹ ਨੇ ਸੰਸਾਰ ਨੂੰ ਤਿਆਗ ਕੇ ਫ਼ਕੀਰ ਦਾ ਚੋਲਾ ਪਾ ਕੇ ਖ਼ਵਾਜ਼ਾ ਕੁਤਬ-ਉੱਦ-ਦੀਨ ਦੀ ਦਰਗਾਹ 'ਤੇ ਜਾਣ ਤੇ ਫੇਰ ਉੱਥੋਂ ਮੱਕੇ ਦੀ ਪਵਿੱਤਰ ਧਰਤੀ ਵੱਲ ਚਾਲੇ ਪਾਉਣ ਦਾ ਫ਼ੈਸਲਾ ਕਰ ਲਿਆ {ਟੀ.ਬੀ., 39-40}। ਬਾਗ਼ੀਆਂ ਅਤੇ ਉਨ੍ਹਾਂ ਦੇ ਮਾੜੇ ਵਤੀਰੇ ਕਰਕੇ ਬੇਬਸ ਬਾਦਸ਼ਾਹ ਨੂੰ ਜਿਸ ਸੰਤਾਪ ਤੇ ਮਾਨਸਿਕ ਤਸ਼ੱਦਦ ਵਿਚੋਂ ਗੁਜ਼ਰਨਾ ਪਿਆ, ਉਸ ਦਾ ਕੋਈ ਅੰਦਾਜ਼ਾ ਵੀ ਨਹੀਂ ਲਾ ਸਕਦਾ।

ਬਹਾਦਰ ਸ਼ਾਹ ਦੇ ਆਪਣੇ ਪੁੱਤਰ ਨੂੰ ਸੰਬੋਧਤ ਹੁਕਮ ਦੇ ਅੱਗੇ ਦਿੱਤੇ ਅੰਸ਼ ਆਪਣੇ ਮੂੰਹੋਂ ਆਪ ਬੋਲਦੇ ਹਨ। ਇਹ ਵਿਚਾਰ ਅਧੀਨ ਨੁਕਤੇ ਬਾਰੇ ਕੁਝ ਵੀ ਹੋਰ ਬੋਲਣ ਦੀ ਗੁੰਜਾਇਸ਼ ਬਾਕੀ ਨਹੀਂ ਰਹਿਣ ਦਿੰਦੇ:

> ਸ਼ਹਿਰ ਵਿਚ ਲੁੱਟ ਅਤੇ ਹਿੰਸਾ ਨੂੰ ਰੋਕਣ ਲਈ ਬਾਰ-ਬਾਰ ਹੁਕਮ ਜਾਰੀ ਕੀਤੇ ਗਏ ਪਰ ਕਿਸੇ ਦਾ ਕੋਈ ਅਸਰ ਨਹੀਂ ਹੋਇਆ; ਭਾਵੇਂ ਹੁਣ ਦਸ ਦਿਨ ਬੀਤ ਚੁੱਕੇ ਹਨ, ਉਹੀ ਬਦੀਆਂ ਹਾਲੇ ਤੱਕ ਚੱਲ ਰਹੀਆਂ ਹਨ... {ਪੈਦਲ ਫ਼ੌਜੀਆਂ ਦੀਆਂ ਰਜਮੈਂਟਾਂ ਨੇ} ਕਈ ਬਾਜ਼ਾਰ ਪੂਰੀ ਤਰ੍ਹਾਂ ਉਜਾੜ ਦਿੱਤੇ ਹਨ। ਇੱਥੋਂ ਤੱਕ ਕਿ ਬਿਨਾਂ ਦਿਨ-ਰਾਤ ਦੀ ਪ੍ਰਵਾਹ ਕੀਤੇ, ਉਹ ਘਰਾਂ ਵਿਚ ਵੜ ਕੇ ਉੱਥੋਂ ਦੇ ਬਾਸ਼ਿੰਦਿਆਂ ਨੂੰ ਝੂਠੀਆਂ ਦਲੀਲਾਂ ਦੇ ਆਧਾਰ 'ਤੇ ਲੁੱਟ ਲੈਂਦੇ ਹਨ... ਉਹ ਜ਼ਬਦਸਤੀ ਤਾਲੇ ਅਤੇ ਦੁਕਾਨਾਂ ਦੇ ਦਰਵਾਜ਼ੇ ਖੋਲ੍ਹਦੇ ਹਨ ਅਤੇ ਧੱਕੇ ਨਾਲ ਘੋੜਸਵਾਰ ਫ਼ੌਜ ਦੇ

> ਘੋੜੇ ਖੋਲ੍ਹ ਕੇ ਲੈ ਜਾਂਦੇ ਹਨ... ਸ਼ਹਿਰ ਵਿਚ ਸਥਾਪਿਤ ਕੀਤੀਆਂ ਗਈਆਂ ਨਿਆਂਇਕ ਅਦਾਲਤਾਂ ਅਤੇ ਫ਼ੌਜੀਆਂ ਵੱਲੋਂ ਕੀਤੀਆਂ ਜਾ ਰਹੀਆਂ ਹਿੰਸਕ ਕਾਰਵਾਈਆਂ 'ਤੇ ਪਾਬੰਦੀ ਸੰਬੰਧੀ ਇਕ ਐਲਾਨ ਵਿਸ਼ੇਸ਼ ਮੋਹਰ ਹੇਠ ਜਨਤਕ ਤੌਰ 'ਤੇ ਜਾਰੀ ਕੀਤਾ ਗਿਆ ਸੀ। ਪਰ ਇਸ ਦਾ ਵੀ ਕੋਈ ਅਸਰ ਨਹੀਂ ਹੋਇਆ... ਹੁਣ ਉਹ ਹਰ ਰੋਜ਼ ਰੌਲਾ ਪਾ ਕੇ ਚੰਦਾ ਮੰਗਦੇ ਹਨ, ਅਤੇ ਸਭ ਤੋਂ ਵੱਡੀ ਗੱਲ ਹਰ ਰੋਜ਼ ਪਹਿਲਾਂ ਨਾਲੋਂ ਜ਼ਿਆਦਾ ਲੋਕਾਂ ਤੋਂ ਚੰਦਾ ਲੈ ਜਾਂਦੇ ਹਨ... ਇਨ੍ਹਾਂ ਹਾਲਾਤ ਨੂੰ ਦੇਖਦਿਆਂ ਕਿਵੇਂ ਭਰੋਸਾ ਕੀਤਾ ਜਾ ਸਕਦਾ ਹੈ ਕਿ ਇਨ੍ਹਾਂ ਲੋਕਾਂ ਦੇ ਦਿਲ ਵਿਚ ਪ੍ਰਾਂਤ ਦੀ ਭਲਾਈ ਹੈ ਜਾਂ ਉਹ ਸ਼ਾਹੀ ਸੱਤਾ ਪ੍ਰਤੀ ਅਧੀਨਗੀ ਤੇ ਆਗਿਆਕਾਰ ਹੋਣ ਦੀ ਕਦਰ ਕਰਦੇ ਤੇ ਭਾਵਨਾ ਰੱਖਦੇ ਹਨ? ਥੱਕਣ ਤੇ ਬੇਬਸ ਹੋਣ ਤੋਂ ਬਾਅਦ ਅਸੀਂ ਆਪਣੇ ਬਾਕੀ ਬਚੇ ਹੋਏ ਦਿਨ ਅੱਲਾਹ ਨੂੰ ਜੋ ਪ੍ਰਵਾਨ ਹੋਵੇ ਉਹੀ ਸੇਵਾ ਕਰਨ, ਧਾਰਮਿਕ ਫ਼ਕੀਰ ਦਾ ਬਾਣਾ ਪਾ ਕੇ ਪਹਿਲਾਂ ਸੰਤ ਖ਼ਵਾਜ਼ਾ ਸਾਹਿਬ ਦੀ ਦਰਗਾਹ 'ਤੇ ਜਾਣ ਤੇ ਕੁਝ ਸਮਾਂ ਉੱਥੇ ਰਹਿਣ ਅਤੇ ਫਿਰ ਲੋੜੀਂਦੇ ਪ੍ਰਬੰਧ ਕਰਕੇ ਅਗਾਂਹ ਮੱਕੇ ਦੀ ਯਾਤਰਾ 'ਤੇ ਜਾਣ ਦੀ ਸੁੱਖਣਾ ਸੁੱਖਣ ਦਾ ਫ਼ੈਸਲਾ ਕਰ ਲਿਆ ਹੈ। {ਟੀ.ਬੀ., 220-223}

ਇਸ ਕਿਸਮ ਦੇ ਵਿਅਕਤੀ ਜਿਹੜੇ ਕਿਸੇ ਅਨੁਸ਼ਾਸਨ ਦਾ ਪਾਲਣ ਨਾ ਕਰਨ, ਕਿਸੇ ਸੱਤਾ ਨੂੰ ਮਾਨਤਾ ਨਾ ਦੇਣ ਅਤੇ ਰਾਜ ਦੇ ਸਰਬ-ਉੱਚ ਮੁਖੀ ਦੇ ਹੁਕਮਾਂ ਤੱਕ ਦਾ ਪਾਲਣ ਨਾ ਕਰਨ ਅਤੇ ਜਿਹੜੇ ਔਰਤਾਂ ਤੇ ਬੱਚਿਆਂ ਦੇ ਬੇਰਹਿਮੀ ਨਾਲ ਕਤਲ ਕਰਨ ਵਿਚ ਰੁੱਝ ਜਾਣ, ਆਪਣੇ ਹੀ ਦੇਸ਼ ਦੇ ਲੋਕਾਂ ਦੀ ਲੁੱਟ-ਖੋਹ ਕਰਨ ਅਤੇ ਆਪਣੇ ਹੀ ਖ਼ਜ਼ਾਨੇ ਨੂੰ ਧੋਖੇ ਤੇ ਬੇਇਮਾਨੀ ਨਾਲ ਲੁੱਟ ਲੈਣ, ਕਿਸੇ ਵੀ ਲਹਿਰ ਲਈ ਬਦਨੁਮਾ ਦਾਗ਼ ਹਨ। ਸੱਚਾਈ ਇਹ ਹੈ ਕਿ ਉਨ੍ਹਾਂ ਨੂੰ ਕੌਮੀ ਕਾਰਜ ਦੇ ਜੇਤੂਆਂ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ।

**ਅੰਗਰੇਜ਼ਾਂ ਦੇ ਤਸ਼ਦੱਦ**

ਇਹ ਕਿਹਾ ਜਾਂਦਾ ਹੈ ਕਿ 'ਇਸ ਗੱਲ ਦੇ ਕਾਫ਼ੀ ਸਬੂਤ ਮੌਜੂਦ ਹਨ, ਜੋ ਇਹ ਸਾਬਤ ਕਰਦੇ ਹਨ ਕਿ ਬਾਗ਼ੀਆਂ ਵੱਲੋਂ ਕੀਤੇ ਗਏ ਹਰ ਕਿਸਮ ਦੇ ਤਸ਼ਦੱਦਾਂ ਨਾਲੋਂ ਅੰਗਰੇਜ਼ਾਂ ਨੇ ਕਿਤੇ ਵਧ ਤਸ਼ਦੱਦ ਢਾਹੇ ਸਨ।' ਮੰਨ ਲੈਂਦੇ ਹਾਂ। ਕੋਈ ਵੀ ਅੰਗਰੇਜ਼ਾਂ ਦੇ ਤਸ਼ਦੱਦਾਂ ਨੂੰ ਜਾਇਜ਼ ਤੇ ਸ਼ਲਾਘਾਯੋਗ ਨਹੀਂ ਕਹਿ ਸਕਦਾ। ਉਹ ਸਾਡੀ ਸਖ਼ਤ ਤੋਂ ਸਖ਼ਤ ਨਖੇਧੀ ਦੇ ਪਾਤਰ ਹਨ। ਉਹ ਤਸ਼ਦੱਦ ਬਦਲਾ ਲਊ ਪਾਗਲਪਣ ਦਾ ਨਤੀਜਾ ਸਨ। ਪਰ ਅੰਗਰੇਜ਼ਾਂ ਵੱਲੋਂ ਬਾਅਦ ਵਿਚ ਜੁਆਬੀ ਕਾਰਵਾਈ ਦੇ ਰੂਪ ਵਿਚ ਕੀਤੇ ਗਏ ਤਸ਼ਦੱਦ ਨਾਲ ਮੇਰਠ ਤੇ ਦਿੱਲੀ ਵਿਚ ਬੇਰਹਿਮ ਕਸਾਈਪੁਣੇ ਨਾਲ ਬਗ਼ਾਵਤ ਦੀ ਸ਼ੁਰੂਆਤ ਕਰਨ ਵਾਲੇ ਬਾਗ਼ੀਆਂ ਵੱਲੋਂ ਕੀਤੇ ਗਏ ਤਸ਼ਦੱਦਾਂ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਜਿਨ੍ਹਾਂ ਦੀ ਕੋਈ ਨੈਤਿਕ ਜਾਂ ਧਾਰਮਿਕ ਵਾਜਬੀਅਤ ਨਹੀਂ ਸੀ, ਉਨ੍ਹਾਂ ਕਾਰਵਾਈਆਂ ਨੂੰ ਸਲਾਹੁਣ ਜਾਂ ਉਨ੍ਹਾਂ ਦਾ ਜਸ਼ਨ ਮਨਾਉਣ ਨਾਲ ਭਾਰਤ ਵਰਗੇ ਅਮੀਰ ਵਿਰਾਸਤ ਵਾਲੇ ਦੇਸ਼ ਲਈ ਉਹ ਕੌਮੀ ਕਾਰਵਾਈਆਂ ਨਹੀਂ ਬਣ ਜਾਣਗੀਆਂ।

ਇਨ੍ਹਾਂ ਦੁੱਖਦਾਈ ਸਿਮਰਤੀਆਂ ਨੂੰ ਚੁੱਪਚਾਪ ਭੁਲਾਉਣ ਦੇਣਾ ਦੇਸ਼ ਵਾਸਤੇ ਕਿਤੇ ਜ਼ਿਆਦਾ ਵਡੇਰੇ ਹਿੱਤਾਂ ਵਿਚ ਹੋਣਾ ਸੀ। ਇਹ ਕੌਣ ਨਹੀਂ ਜਾਣਦਾ ਕਿ ਹਿੰਸਕ ਮੁਹਿੰਮਾਂ ਤੇ ਖ਼ੂਨੀ ਕ੍ਰਾਂਤੀਆਂ ਵਿਚ ਲੋਕਾਂ ਦਾ ਕੌਮੀ ਕਿਰਦਾਰ ਅਕਸਰ ਇਸ ਹੱਦ ਤੱਕ ਨਹੀਂ ਡਿੱਗ ਜਾਂਦਾ। ਇਸ ਕਰਕੇ ਮਹਾਤਮਾ ਗਾਂਧੀ ਨੇ ਬਹੁਤ ਹੀ ਸੂਝ-ਬੂਝ ਨਾਲ ਆਪਣੀ ਮੁਹਿੰਮ ਵਿਚ ਹਿੰਸਾ ਨੂੰ ਦਾਖ਼ਲ ਨਹੀਂ ਹੋਣ ਦਿੱਤਾ ਸੀ। ਜੇ ਉਹ ਜਿਊਂਦੇ ਹੁੰਦੇ ਤਾਂ ਮੈਨੂੰ ਪੂਰਾ ਯਕੀਨ ਹੈ ਕਿ ਉਨ੍ਹਾਂ ਨੇ ਤਾਂ ਬਗ਼ਾਵਤ ਦੀ ਸ਼ਤਾਬਦੀ ਨਹੀਂ ਸੀ ਮਨਾਉਣ ਦੇਣੀ। ਮੈਂ ਉਨ੍ਹਾਂ ਪ੍ਰਤੀ ਹਮਦਰਦੀ ਤੋਂ ਸਿਵਾ ਹੋਰ ਕੁਝ ਨਹੀਂ ਜਤਾ ਸਕਦਾ ਜਿਹੜੇ ਇਕ ਸਦੀ ਬਾਅਦ ਵੀ ਮਾਸੂਮ ਔਰਤਾਂ ਤੇ ਬੱਚਿਆਂ ਦੇ ਖ਼ੂਨ ਦੇ ਪਿਆਸੇ ਕਾਤਲਾਂ ਦੀ ਉਸਤਤ ਕਰ ਸਕਦੇ ਹਨ। ਜੇ ਇਤਿਹਾਸ ਦੇ ਕਾਰਜ ਲਈ ਹੱਤਿਆ ਸਭ ਤੋਂ ਭੈੜਾ ਜ਼ੁਰਮ ਹੈ ਤਾਂ ਜਿਹੜੇ ਇਸ ਨੂੰ ਉਤਸ਼ਾਹਤ ਕਰਦੇ ਜਾਂ ਇਸ ਦਾ ਪੱਖ ਪੂਰਦੇ ਹਨ ਤਾਂ ਉਹ ਵੀ ਇਸ ਜ਼ੁਰਮ ਦੀ ਗਿਲਾਨੀ ਦੇ ਬਰਾਬਰ ਦੇ ਹਿੱਸੇਦਾਰ ਹਨ।

**ਰਾਜਾ ਨਾਹਰ ਸਿੰਘ ਅਤੇ ਰਾਉ ਤੁਲਾ ਰਾਮ ਦੀ ਧੋਖਾਧੜੀ**

ਰਾਜਾ ਨਾਹਰ ਸਿੰਘ ਅਤੇ ਰਾਉ ਤੁਲਾ ਰਾਮ ਵੱਲੋਂ ਬਗ਼ਾਵਤ ਦੌਰਾਨ ਕੀਤੀ ਗਈ ਕਥਿਤ ਕੁਰਬਾਨੀ ਦੀ ਯਾਦ ਵਿਚ ਜਿਹੜੀ ਯਾਦਗਾਰ ਬਣਾਈ ਜਾ ਰਹੀ ਹੈ, ਉਸ ਬਾਰੇ ਜਿੰਨਾ ਘਟ ਕਿਹਾ ਜਾਵੇ, ਉਨ੍ਹਾਂ ਹੀ ਚੰਗਾ ਹੈ।

ਉਹ ਦੋਵੇਂ ਆਪਣਾ ਨਿੱਜੀ ਹਿੱਤ ਸੁਰੱਖਿਅਤ ਕਰਨ ਅਤੇ ਅੱਗੇ ਵਧਾਉਣ ਲਈ ਦੋਹਰੀ ਖੇਡ, ਖੇਡ ਰਹੇ ਸਨ। ਡਾ. ਸੁਰੇਂਦਰਨਾਥ ਸੇਨ ਕਹਿੰਦੇ ਹਨ, 'ਇਹ ਦੋਵੇਂ ਆਗੂ ਬਾਦਸ਼ਾਹ ਦੇ ਮਨੋਰਥ ਨਾਲ ਬਹੁਤ ਕਰੀਬੀ ਨਾਲ ਜੁੜੇ ਹੋਏ ਹੋਣੇ ਚਾਹੀਦੇ ਸਨ। ਪਰ ਉਹ ਅੰਗਰੇਜ਼ਾਂ ਵੱਲੋਂ ਸਿਪਾਹੀਆਂ ਦੇ ਖ਼ਿਲਾਫ਼ ਕੋਈ ਵੱਡੀ ਸਫ਼ਲਤਾ ਹਾਸਲ ਕਰਨ ਤੋਂ ਵੀ ਬਹੁਤ ਪਹਿਲਾਂ ਗੁਪਤ ਰੂਪ ਵਿਚ ਅੰਗਰੇਜ਼ਾਂ ਨਾਲ ਸਮਝੌਤਾ ਕਰਨ ਲਈ ਗੱਲ-ਬਾਤ ਕਰ ਰਹੇ ਸਨ'। {ਏਟੀਨ ਫ਼ਿਫ਼ਟੀ-ਸੈਵਨ ਪੰਨਾ 91-92}

ਜੇ ਉਨ੍ਹਾਂ ਦੀ ਯਾਦ ਵਿਚ ਯਾਦਗਾਰਾਂ ਬਣਾਈਆਂ ਜਾ ਰਹੀਆਂ ਹਨ ਤਾਂ ਇਹ ਸਿਆਸਤਦਾਨਾਂ ਵੱਲੋਂ ਬਣਾਈਆਂ ਜਾ ਰਹੀਆਂ ਹਨ, ਇਤਿਹਾਸਕਾਰਾਂ ਵੱਲੋਂ ਨਹੀਂ।

ਬਗ਼ਾਵਤ ਦੇ ਸਮੇਂ ਇਕ ਅੰਦਾਜ਼ੇ ਮੁਤਾਬਕ ਪੰਜਾਬ ਵਿਚ ਸਿੱਖਾਂ ਦੀ ਆਬਾਦੀ ਦਾ ਹਿੱਸਾ ਮੁਸ਼ਕਲ ਨਾਲ 10 ਫ਼ੀਸਦੀ ਸੀ ਅਤੇ ਬਾਕੀ 90 ਫ਼ੀਸਦੀ ਪੰਜਾਬੀ ਹਿੰਦੂ ਅਤੇ ਮੁਸਲਮਾਨ ਸਨ। ਜੇ ਕਿਸੇ ਕਾਰਨ ਸਿੱਖ ਬਾਗ਼ੀਆਂ ਤੋਂ ਦੂਰ ਵੀ ਰਹੇ ਤਾਂ ਇਹ ਵੀ ਪੁੱਛਿਆ ਜਾ ਸਕਦਾ ਹੈ ਕਿ ਪੰਜਾਬ ਦੇ ਹਿੰਦੂ ਅਤੇ ਮੁਸਲਮਾਨਾਂ ਨੇ ਉਨ੍ਹਾਂ ਦਾ ਸਾਥ ਕਿਉਂ ਨਾ ਦਿੱਤਾ? ਇਹ 90 ਫ਼ੀਸਦੀ ਵਾਲੀ ਬਹੁ-ਗਿਣਤੀ ਸੌਖਿਆਂ ਹੀ 10 ਫ਼ੀਸਦੀ ਨੂੰ ਨਜ਼ਰਅੰਦਾਜ਼ ਜਾਂ ਲਾਂਭੇ ਕਰ ਸਕਦੀ ਸੀ। ਸਮੁੱਚੇ ਭਾਰਤ ਦੀ ਆਬਾਦੀ ਦੇ ਹਿਸਾਬ ਨਾਲ ਸਿੱਖ ਮਸਾਂ 1 ਫ਼ੀਸਦੀ ਹੋਣਗੇ। ਜਿਵੇਂ ਇਕ ਲੇਖਕ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਉਨ੍ਹਾਂ ਵਿਚ ਪੂਰੀ ਤਰ੍ਹਾਂ ਤਾਲਮੇਲ ਸੀ ਤਾਂ 99 ਫ਼ੀਸਦੀ ਬਹੁਗਿਣਤੀ ਹਿੰਦੂਆਂ ਅਤੇ ਮੁਸਲਮਾਨਾਂ ਦਾ ਵਿਰੋਧ ਸਿੱਖਾਂ ਕੋਲੋਂ ਨਹੀਂ ਸੀ ਕੀਤਾ ਜਾਣਾ।

ਸੱਚਾਈ ਇਹ ਹੈ ਕਿ ਨਾ ਸਿਰਫ਼ ਪੰਜਾਬ ਦੇ ਲੋਕ, ਹਿੰਦੂ, ਮੁਸਲਮਾਨ ਅਤੇ ਸਿੱਖ ਬਾਗ਼ੀਆਂ ਤੋਂ ਦੂਰ ਰਹੇ, ਬਲਕਿ ਬੰਗਾਲ, ਮਦਰਾਸ, ਮਹਾਰਾਸ਼ਟਰ, ਗੁਜਰਾਤ, ਸਿੰਧ, ਰਾਜਸਥਾਨ, ਜੰਮੂ-ਕਸ਼ਮੀਰ ਅਤੇ ਉੱਤਰ-ਪੱਛਮੀ ਫਰੰਟੀਅਰ ਸੂਬੇ ਦੇ ਲੋਕਾਂ ਨੇ ਵੀ ਉਨ੍ਹਾਂ ਦਾ ਸਾਥ ਨਹੀਂ ਦਿੱਤਾ। ਅਸਲ ਵਿਚ, ਉਨ੍ਹਾਂ ਵਿਚੋਂ ਕੁਝ ਨੇ ਉਨ੍ਹਾਂ ਦਾ ਵਿਰੋਧ ਕੀਤਾ। ਇਹੀ ਨਹੀਂ, ਤਿੰਨ ਰਿਆਸਤਾਂ ਬੰਗਾਲ, ਮਦਰਾਸ ਅਤੇ ਬੰਬਈ ਦੀਆਂ ਫ਼ੌਜਾਂ ਵਿਚੋਂ ਸਿਰਫ਼ ਬੰਗਾਲ ਦੀ ਫ਼ੌਜ ਦੇ ਕੁਝ ਹਿੱਸੇ ਨੇ ਹੀ ਬਗ਼ਾਵਤ ਕੀਤੀ ਸੀ। ਦੂਜਾ ਹਿੱਸਾ ਅੰਗਰੇਜ਼ਾਂ ਵੱਲੋਂ ਇਸ ਬਗ਼ਾਵਤ ਨੂੰ ਦਬਾਉਣ ਲਈ ਲੜਿਆ ਗਿਆ ਸੀ। ਮਦਰਾਸ ਤੇ ਬੰਬਈ ਦੀਆਂ ਫ਼ੌਜਾਂ ਚੁੱਪ ਤੇ ਵਫ਼ਾਦਾਰ ਰਹੀਆਂ। ਸਾਬਤ ਹੁੰਦਾ ਹੈ ਕਿ ਪੂਰਬੀਏ ਸਿਪਾਹੀ ਦੱਖਣ, ਦੱਖਣ-ਪੱਛਮ, ਪੱਛਮ ਤੇ ਉੱਤਰ-ਪੱਛਮ ਦੇ ਆਪਣੀ ਹੀ ਜਮਾਤ ਦੇ ਲੋਕਾਂ ਦੀ ਹਮਦਰਦੀ ਹਾਸਲ ਨਹੀਂ ਕਰ ਸਕੇ।

**ਫੋਕੀਆਂ ਧਾਹਾਂ**

ਨਿਸ਼ਚੇ ਹੀ ਬਗ਼ਾਵਤ ਅਤੇ ਇਸ ਦੇ ਆਗੂਆਂ ਅੰਦਰ ਬੁਨਿਆਦੀ ਰੂਪ ਵਿਚ ਕੁਝ ਗ਼ਲਤ ਸੀ ਜਿਸ ਨੇ ਬਹੁ-ਗਿਣਤੀ ਭਾਰਤੀ ਲੋਕਾਂ ਅਤੇ ਫ਼ੌਜ ਨੂੰ ਉਨ੍ਹਾਂ ਤੋਂ ਦੂਰ ਰੱਖਿਆ।

ਪਹਿਲੀ ਗੱਲ ਤਾਂ ਇਸ ਲਹਿਰ ਵਿਚ ਕੁਝ ਵੀ ਕੌਮੀ ਜਾਂ ਦੇਸ਼-ਭਗਤੀ ਵਾਲਾ ਨਹੀਂ ਸੀ। ਭਾਰਤ ਦੇ ਇਕ ਰਾਸ਼ਟਰ ਹੋਣ ਦਾ ਵਿਚਾਰ ਹਾਲੇ ਦੇਸ਼ ਵਿਚ ਪੈਦਾ ਨਹੀਂ ਸੀ ਹੋਇਆ। ਬਾਗ਼ੀਆਂ ਅਤੇ ਉਨ੍ਹਾਂ ਦੇ ਆਗੂਆਂ ਦਾ ਦਿੱਲੀ, ਮੇਰਠ ਅਤੇ ਹੋਰ ਸਥਾਨਾਂ 'ਤੇ ਵਤੀਰਾ ਇਸ ਤਰ੍ਹਾਂ ਦਾ ਨਹੀਂ ਸੀ ਕਿ ਇਹ ਪ੍ਰਭਾਵ ਪੈਂਦਾ ਕਿ ਬਗ਼ਾਵਤ ਕੌਮੀ ਜਾਂ ਸਾਂਝੇ ਮਨੋਰਥ ਜਾਂ ਫ਼ਾਇਦੇ ਲਈ ਸੀ।

ਬਾਗ਼ੀਆਂ ਅਤੇ ਬਾਦਸ਼ਾਹ ਬਹਾਦਰ ਸ਼ਾਹ ਵੱਲੋਂ ਪਾਏ ਗਏ ਦੀਨ-ਧਰਮ ਦੇ ਵਾਸਤਿਆਂ ਦਾ ਵਡੇਰੇ ਪੱਧਰ 'ਤੇ ਲੋਕਾਂ ਵਿਚ ਕੋਈ ਅਸਰ ਨਹੀਂ ਹੋਇਆ। ਇਸ ਤੋਂ ਅਗਾਂਹ ਕੋਈ ਸਾਂਝਾ ਪ੍ਰਮੁੱਖ ਨਿਸ਼ਾਨਾ ਨਹੀਂ ਸੀ ਜਿਸ ਨੂੰ ਉਭਾਰ ਕੇ ਲੋਕਾਂ ਨੂੰ ਆਪਣੇ ਵੱਲ ਖਿੱਚਿਆ ਜਾਂਦਾ।

ਪੂਰਬੀਏ ਫ਼ੌਜੀਆਂ ਦਾ ਪਿਛਲਾ ਰਿਕਾਰਡ ਇੰਨਾ ਭਰੋਸੇਯੋਗ ਨਹੀਂ ਸੀ ਕਿ ਗ਼ੈਰ-ਪੂਰਬੀਆਂ ਦਾ ਭਰੋਸਾ ਹਾਸਲ ਕਰ ਸਕਦੇ। ਇਸ ਤੋਂ ਅੱਗੇ ਦੇਸ਼ ਪੱਧਰ ਦੀ ਬਗ਼ਾਵਤ ਦੀ ਕੋਈ ਯੋਜਨਾ ਵੀ ਨਹੀਂ ਸੀ। ਗ਼ੈਰ-ਪੂਰਬੀਆਂ ਨਾਲ ਨਾ ਤਾਂ ਕੋਈ ਸਲਾਹ ਕੀਤੀ ਗਈ ਸੀ ਅਤੇ ਨਾ ਹੀ ਉਨ੍ਹਾਂ ਨੂੰ ਸੱਦਾ ਦਿੱਤਾ ਗਿਆ ਸੀ।

ਅਖ਼ੀਰਲੀ ਗੱਲ, ਬਾਗ਼ੀ ਗੰਭੀਰ ਅਤੇ ਨਿਰਸੁਆਰਥ ਆਗੂ ਨਾ ਤਾਂ ਆਪਣੇ ਆਪ ਵਿਚੋਂ ਪੈਦਾ ਕਰ ਸਕੇ ਅਤੇ ਨਾ ਹੀ ਆਮ ਲੋਕਾਂ ਵਿਚੋਂ ਹਾਸਲ ਕਰ ਸਕੇ ਜਿਹੜੇ ਆਦਰ ਤੇ ਆਗਿਆਕਾਰੀ ਦੀ ਭਾਵਨਾ ਪੈਦਾ ਕਰ ਸਕਦੇ।

ਨਾ ਤਾਂ ਹਿੰਦੂਆਂ ਤੇ ਮੁਸਲਮਾਨਾਂ ਵਿਚ ਅਤੇ ਨਾ ਹੀ ਦੇਸ਼ ਦੀਆਂ ਵੱਖ-ਵੱਖ ਸਮਾਜਕ, ਆਰਥਿਕ, ਭੂਗੋਲਿਕ ਜਮਾਤਾਂ ਵਿਚ ਅੰਗਰੇਜ਼ਾਂ ਖ਼ਿਲਾਫ਼ ਸਾਂਝਾ ਹੰਭਲਾ ਮਾਰਨ ਲਈ ਕੋਈ ਆਪਸੀ ਤਾਲਮੇਲ ਸੀ। ਔਰਤਾਂ

ਅਤੇ ਬੱਚਿਆਂ ਦੇ ਲਹੂ-ਲੁਹਾਨ ਕਤਲੇਆਮ ਨੇ ਪੂਰੇ ਦੇਸ਼ ਵਿਚ ਬਾਗ਼ੀ ਸਿਪਾਹੀਆਂ ਖ਼ਿਲਾਫ਼ ਡਰ ਤੇ ਨਫ਼ਰਤ ਦੀ ਇਕ ਲਹਿਰ ਦੌੜਾ ਦਿੱਤੀ ਅਤੇ ਉਨ੍ਹਾਂ ਦੇ ਸੰਭਾਵਿਤ ਦੋਸਤਾਂ ਅੰਦਰੋਂ ਹਮਦਰਦੀ ਖ਼ਤਮ ਕਰ ਦਿੱਤੀ।

ਇਹ ਸਭ ਕੁਝ ਮਿਲ ਕੇ ਸੰਨ 1857 ਦੀ ਬਗ਼ਾਵਤ ਦੇ ਅਸਫ਼ਲ ਹੋਣ ਦਾ ਕਾਰਨ ਬਣਿਆ।

**ਹਵਾਲੇ**


1. SNS. Sureudranath Sen, *Eighteen Fifty-Seven*. Publication Division, Government of India, New Delhi, 1937.
2. PGR. MR. *Punjab Government Records,* Mutiny Reports.
3. RCM. R.C. Majumdar. *Sepoy Mutiny and Revolt of 1857*. Firrma K.L. Mukhopadhyay, Calcutta, 1957.
4. *History of the Freedom Movement in India.* Firrma K. L. Mukhopadhyay, Calcutta, 1962, three **Vols**.
5. TB. *The Trail of Muhammad Bahadur Shah (ex-king of Delhi)*, ed. H.L.O.G. Garett. Punjab Government, 1932.
6. TC. Tara Chand. *History of the Freedom Movement in India,* Publication Division, Government of India, 1961, 1967, two **Vols**.


◈